੨5੯
ਪੁਰੇ ਖੁਰ

੨5੯

Digitized by Panjab Digital Library | www.panjabdigilib.org

[illegible]
ਪਾਠਨ - ਖ

Digitized by Panjab Digital Library | www.panjabdigilib.org

"ਖੁਲ੍ਹੇ ਘੁੰਡ"

— ਪ੍ਰੋ. ਪੂਰਨ ਸਿੰਘ

Digitized by Panjab Digital Library | www.panjabdigilib.org

262—3-4-61—30,000—C. P andS. Ph. Patiala.
LANGUAGE DEPARTMENT
LIBRARY ACC. No. 256 PUNJAB.

Date Due

| Date of Issue | Date of Return | Date of Issue | Date of Return |
|---|---|---|---|
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |

Digitized by Panjab Digital Library | www.panjabdigilib.org

RARE BOOK

# ਖੁਲ੍ਹੇ ਘੁੰਡ

DEPARTMENT OF LANGUAGES
LIBRARY
PATIALA

ਹਕ ਰਾਖਵੇਂ

ਜਨਵਰੀ ... ਸੈਖ ੧)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਭੂਮਕਾ

ਡੀ ਉੱਚੇ, ਆਲੀਸ਼ਾਨ, ਗੁਰੂ ਨਾਨਕ ਕਰਤਾਰਦਾ,
ਿਤ੍ਰਾ ਗੀਤ ਸਿਖ 'ਅਮੈ' ਨੂੰ ਗਾਉਂਦਾ,
ਕੋਮਲ ਉਨਰੀ ਕਿਰਤ, ਧਯਾਨ ਵੇਵੇਂ
ਅੰਮ੍ਰਿਤ-ਦਰਬਾਰ ਪੁਹਚਾਂਵਦੇ,
ਸਚੇ ਦੀਆਂ ਗੱਲਾਂ ਕਰਹਾਰੇ ਸਬ,.
ਜੀ ਗੱਲਾਂ ਥੀਂ ਹੋੜਦੇ, 'ਥੀ', 'ਥੀ' ਅਸੀਸ ਇਹ,
ਕਿਰਤਉਨਰੀ, ਹੋ, ਹੋ ਜਪ, ਜਪ, ਸਿਮਰਨ ਸਿਖਾਉਂਦੇ,
ਤ-ਲਗੀ ਸੁਰਤਿਧਯਾਨਬੱਝੀਸੁਰਤਿਉਨਰਕਰਤਾਰੀ,
ਹ ਸਿੱਖੀਦਾ ਉੱਚਾ ਕਮਾਲ ਮੈਂ ਅੱਜ ਗਾਉਂਦਾ,
ਮੈਂ ਨਹੀਂ ਮਾਯਾ ਦੀ, 'ਅਮੈ' ਹੈ ਪਯਾਰਦੀ, ਸੇਵਾ ਦੀ
ਕਿਰਤ ਦੀ, ਸੁਹਜਪ-ਆਸ਼ਕੀ,
ਜੁਗਹੋਈ ਇਹਵਿਰਲੀਵਿਰਲੀ, ਪਰ ਤੂਹ ਕਦੀਕੋਈ,
ਵੇਵਜੀ ਦੇ ਭਿਖੂ ਸੋਹਣੇ, ਬੋਧੀਸੂਤ੍ਰ ਲੋਕੀ ਸੋਹਣੀ,
ਕਿਰਤ ਇਹ ਪਛਾਣਦੇ,
ਹਲਾਦ ਨੇ ਇਹੋ ਗੀਤ ਗਾਵਿਆਂ,
ਗਲ ਚੀ ਲੋੜ ਨਾਹੀਂ,
ਾ ਸਮਝ ਪੈਂਦੀ, ਕਿਰਤ–ਜੀਵਨ ਲੋੜ ਹੈ!
ਚ ਨਰ ਦੀ ਸੋਝੀ ਕਦਮ ਕਦਮ ਸਿਖਦੀ, ਦੰਮ
ਬ ਬਦੰਮ ਵੱਸਦੀ, ਪੱਕਦੀ,
ਮਾਰੇ ਸੁਰਤਿ, ਨਿਰਾ ਬਾਹਰ ਦਾ ਉਨਰ ਵੀ
ਾਰਦਾ,



Digitized by Panjab Digital Library | www.panjabdigilib.org

ਸਿਮਰਨ ਦਾ ਦੀਵਾ ਘਟ ਬਲੇ ਜਦ,
ਤਦ (ਉਨਰ) ਆਰਟ ਸੁਰਤਿ ਨੂੰ ਸਵਾਰਦਾ,
ਬਿਖਰੀਆਂ ਜ਼ੁਲਫਾਂ ਨੂੰ ਮਟਕਾਂਦਾ,ਨਈ ਗੋਂਦਾਂ ਗੁੰਦਦਾ,
ਮਹਕਾਂਦਾ,ਫੁਨ, ਵਨ ਦੀਆਂ ਕਲੀਆਂ ਲਟਕਾਂਦਾ,
ਤੇ ਵੇਖਦਾ ਓਹ ਸਭ ਲਟਕਦੀਆਂ ਜ਼ੁਲਫਾਂ ਤੇ
ਕਲੀਆਂ ਲਟਕਦੀਆਂ ਨਾਲ ਨਾਲ ॥
'ਮੈਂ' ਦਾ ਗੀਤ ਗਾਯਾ ਜਰਮਨੀ ਦੇ ਨਿਤਸ਼ੇ,
'ਮੈਂ'ਦਾ ਗੀਤ ਗਾਯਾ ਮੁੜ ਇਕਬਾਲ ਪੰਜਾਬ ਦੇ,
ਓਹ ਦੋਵੇਂ ਹੋਰ ਹਨ, ਮੇਰਾ ਗੀਤ ਹੋਰ ਹੈ,
ਗੀਤਾ ਦੇ ਗੀਤ ਥੀਂ ਵੀ ਵੱਖਰਾ,
ਵਾਲਟਵ੍ਹਿਟ ਮੈਂਨ ਗਾਂਦਾ ਅਮਰੀਕਾ ਦੀ 'ਮੈਂ' ਨੂੰ,
ਰਸ 'ਬ੍ਰਹਮ-ਮੈਂ' ਜਿਹੇ ਵਿਚ ਆਂਦੇ,
ਓਹ ਵੀ ਮੈਂ ਦਾ ਗੀਤ ਹੋਰ ਵਖਰਾ,
ਉਪਨਿਖਦਾਂ ਦੀ ਬ੍ਰਹਮ 'ਮੈਂ'ਦਾ ਗੀਤ ਨਾਂਹ,
ਨ ਸ੍ਰਿਨਬਰਨ ਦੀ ਨਾਸਤਕ ਸਰੀਰੀ ਮੈਂ ਮਾਯਾ ਨਾਲ
ਵਾਸਤਾ,
ਮੈਂ ਗੁਰ-ਸਿਖਜ 'ਅ+ਮੈਂ' ਅੱਜ ਗਾਉਂਦਾ ॥
ਮੈਂ ਨੂੰ ਫਿਲਸਫਾ ਮਾਰਦਾ,
ਬੇਹੋਸ਼ ਕਰ ਸੁੱਟਦਾ, ਇਹ ਇਕ ਜ਼ਹਰ ਹੈ,
ਥੋੜਾ, ਥੋੜਾ,ਜੀਵਨ ਨਾਲ, ਅੱਧਾ ਇਕ ਘੁੱਟ
ਜਿਹਾ ਭਰਨਾ ਠੀਕ ਵੀ,
ਫਲਸਫਾ ਮਾਰੇ, ਆਰਟ ਮਾਰੇ,
ਅੰਦਰ ਜਗੀ ਜੋਤ ਬਿਨਾਂ ਸਭ ਹਨੇਰਾ ਹਨੇਰਾ,



Digitized by Panjab Digital Library | www.panjabdigilib.org

ਗੁਰੂ-ਸੁਰਤਿ, ਸਿਖ-ਸੁਰਤਿ ਵਿਚ ਕਿੰਵ ਖੇਡਦੀ
ਆਦਮੀ ਬਨਾਨ ਨੂੰ,
ਮੈਂ ਤਾਂ ਅੱਜ ਚਰਨ ਕਮਲ ਸੰਗ ਜੁੜੀ
ਜੋੜੀਆਂ ਨੈਨਾਂ ਨੂੰ ਵੇਖਦਾ,
ਵੇਖ, ਵੇਖ ਮੈਂ ਚੀਖ-ਗੀਤ ਗਾਉਂਦਾ,
ਸਿਖ 'ਅਮੈਂ' ਦਾ ਗੀਤ ਸਾਰਾ ਗੂੰਜਦਾ,
ਦਿਲ ਭਰਦਾ ਮੇਰਾ, ਵਾਂਗ ਵਾਦੀਆਂ,
ਜਿੱਥੇ ਚਲਣ-ਭਾਰੀ ਗਾਂਦੀਆਂ ਜਾਂਦੀਆਂ ਨਦੀਆਂ,
ਅੰਦਾਜ਼ ਮੇਰੇ ਗਾਣ ਦਾ ਮੈਂ ਨਹੀਂ ਬਨਾਯਾ,
ਇਹਾ ਜਿਹਾ ਬਣਿਆਂ, ਵਾਜ ਨਿਕਲਿਆ,
ਪੂਰਾ ਰਾਗ ਅੰਦਰ ਫਸਜਾ, ਸੁਰਾਂ ਟੁੱਟ ਭਜ ਨਿਕਲੀਆਂ,
ਇਸ ਟੁੱਟੀ ਭੱਜੀ ਜਿਹੀ ਸਾਬਤੀ ਵਿਚ ਰਾਗ ਮੇਰਾ
ਛਿੜਿਆ ਹੈ,
ਇਸ ਵਿਚ ਨਹੀਂ, ਸੱਚੀ,
ਓਹ ਆਪਦੇ ਅੰਦਰ ਅੰਦਰ ਛਿੰੜਿਆ ਹੈ, ਅੰਦਰ
ਅੰਦਰ ਕੂਕਦਾ;
ਗਲੇ ਵਿਚ, ਦਿਲ ਵਿਚ ਆਪਦੇ,
ਮੇਰੇ ਇਸ ਗੀਤ ਦਾ ਅਲਾਪ ਪੂਰਾ ਮੈਨੂੰ ਪਿਆ ਦਿੱਸਦਾ,
ਜਿਵੇਂ ਮੇਰੇ ਦਿਲ ਵਿਚ ਸਾਰਾ ਪੂਰਾ ਵੱਸਦਾ,
ਆਪਦੇ ਗਲੇ ਤੇ ਦਿਲ ਵਿਚ ਵੱਸਦਾ ॥
ਆਪੇ ਵਿੱਚੋਂ ਕੱਢ, ਕੱਢ ਗਾਉਨਾ ॥
ਆਪਦੇ ਗਲੇ ਦੀ ਲਿਫਾਣ, ਆਵਾਜ਼ ਦੀ ਤਾਨ ਕੁਛ
ਠਹਰੀ, ਠਹਰੀ, ਮੰਗਦਾ ॥



Digitized by Panjab Digital Library | www.panjabdigilib.org

ਇਹ ਗੀਤ ਸਾਰਾ ਉਤ੍ਰਿਆ ਮੀਂਹ ਵਾਂਗ ਵੱਸਦਾ,
ਕਸੀ ਮੇਰੇ ਦਿਲ ਛੁਪੀ ਤਾਰ ਥੀਂ, ਜਿਹੜੀ ਕੰਬਦੀ,
ਕੰਬਦੀ, ਰਾਗ ਦਾ ਦਰਿਆ ਲੰਘਿਆ ਅੰਦਰੋਂ,
ਹਾਲੇਂ ਵੀ ਅੰਦਰ ਇਕ ਇਲਾਹੀ ਗੂੰਜ ਨਾਲ ਭਰਿਆ,
ਰੋਮ, ਰੋਮ, ਗੀਤ ਗਾਉਂਦਾ, ਤਾਰਾਂ ਖੜਕਦੀਆਂ !!

ਗਵਾਲੀਯਾਰ
ਅਗਸਤ
੧੯੨੨

ਪੂਰਨ ਸਿੰਘ



Digitized by Panjab Digital Library | www.panjabdigilib.org

# ੧—ਨਾਮ ਮੈਂ ਪੁੱਛਦਾ ਨਾਮ ਮੇਰਾ ਕੀ ਹੈ?

੧.

ਮੁੜ, ਮੁੜ, ਪਿੱਛੇ, ਅੱਗੇ, ਮੈਂ ਵੇਖਦਾ,
ਨਾਮ ਕੀ ਚੀਜ਼ ਹੈ, ਨਾਮ ਮੈਂਨੂੰ ਧੂਕਦਾ,
ਮੈਂ ਆਪਣੇ ਨਾਮ ਤੇ ਕਿਉਂ ਬੋਲਦਾ ?
ਨਾਮ ਕੀ ਹੈ ? ਹੋਰ ਕੋਈ ਨਾਮ ਹੋਵੇ,
ਫਰਕ ਕੀ ਹੈ ?
ਮੈਂ ਅਚਰਜ ਹੋ ਵੇਖਦਾ ਨਾਮ ਆਪਣੇ ਨੂੰ,
ਮੁੜ, ਮੁੜ ਵੇਖਦਾ ਇਹ ਕੀ ਹੈ ?

.... .... ....

.... .... ....

ਸਚ ਕੇਹਦਾ ਸ਼ੈਕਸ਼ ਪੀਅਰ,
ਗੁਲਾਬ ਨੂੰ ਗੁਲਾਬ ਗੁਲਾਬ ਸਦੋ,
ਭਾਂਵੇ ਕੰਡਾ, ਕਡਾ, ਨਾਮ ਵਿਚ ਕੀ ਹੈ ?
ਖੁਸ਼ਬੋ ਪਿਆਰ ਦੀ,
ਲਾਲੀ ਜਵਾਨੀ ਦੀ,
ਭਾ ਅਰਸ਼ ਦੀ,
ਜਿੰਦ ਬੂਟੇ ਦੀ,
ਧਰਤ ਦਾ ਸੁਫਨਾ—ਬੱਸ, ਇਹ ਗੁਲਾਬ ਹੈ।
ਮੇਰਾ, ਗੁਲਾਬ ਵਾਂਗੂ, 'ਗੁਲਾਬ, ਗੁਲਾਬ', ਨਾਮ
ਵਿਚ ਕੀ ਹੈ ?
ਮੈਂ ਲੱਖਾਂ ਸਮੁੰਦਰਾਂ ਦਾ ਮੋਤੀ,



Digitized by Panjab Digital Library | www.panjabdigilib.org

ਅਰਸ਼ਾਂ ਦੀਆਂ ਰੌਸ਼ਨੀਆਂ ਦਾ ਕਤਰਾ,
ਲੱਖਾਂ ਨੈਣਾਂ ਦੀ ਝਲਕ ਜਿਹੀ,
ਸੋਹਣੇ ਮੂੰਹਾਂ ਅਨੇਕਾਂ ਦੀ ਬਿਜਲੀ,
ਰੌਣਕ ਕਿਸੀ ਅਣਡਿੱਠੇ ਇਕਬਾਲ ਦੀ,
ਨਾਮ ਆਪਣਾ ਪੁੱਛਦਾ,
ਕੌਣ ਦੱਸਦਾ ?
ਪੁਲਾੜ ਜਿਹੀ ਵਿਚ ਇਕ ਵਿਅਰਥ ਜਿਹੀ ਚੀਖ ਹੈ !

੨.

ਢੇਰ ਚਿਰ ਹੋਯਾ,
ਮੈਂ ਜਦ ਬਾਲ ਸਾਂ,
ਖੁਸ਼ੀ ਸਾਂ ਨਵੇਂ ਜੰਮੇਂ ਫੁੱਲ ਦੀ,
ਲਾਲੀ ਪੂਰਬ ਦੀ, ਨੀਲਾਣ ਅਕਾਸ਼ ਦੀ,
ਪ੍ਰਕਾਸ਼ਦੀ, ਡਲ੍ਹਕਦੀ ਡਲੀ ਸਾਂ,
ਨਿੱਕਾ ਜਿਹਾ ਚੰਨ ਮੂੰਹ,
ਮਾਂ ਦਿੱਤਾ ਨਾਮ ਵੀ ਨਵਾਂ ਨਵਾਂ ਸੀ,
ਮੈਂ ਸਾਂ ਨਾਮ ਤੇ ਰੀਝਦਾ ।
ਸਭ ਅੰਦਰ ਸੀ ਮੈਂ ਮੇਰੀ,
ਨਾਮ ਬਾਹਰ ਦਾ ਆਵਾਜ਼ ਸੀ,
ਪੈਂਦੀ ਚੰਗੀ ਲੱਗਦੀ, ਰੂਹ ਪੁੱਛਦੀ,
ਬਾਹਰ ਕੀ, ਅੰਦਰ ਤਾਂ ਸਭ ਕੁਛ ਸੀ,
ਬਾਹਰ ਕੌਣ ਬੁਲਾਉਂਦਾ ?

.... .... ....

.... .... ....



Digitized by Panjab Digital Library | www.panjabdigilib.org

ਰੀਝਦਾ ਸਾਂ ਸੁਣ ਸੁਣ ਨਾਮ ਓਹ,
ਪਜਾਰਾ ਵਾਂਗ ਰੰਗੇ ਲਾਲ ਖਿਡਾਉਣੇ,
ਤੇ ਨਾਂ ਲਵੇ ਜੇ ਕੋਈ ਮੇਰਾ
ਝੱਟ ਬੋਲਦਾ ਖੁਸ਼ ਹੋ:—
ਹਾਂ ਜੀ ! ਹਾਂ ਜੀ ! ਅਗੂੰ ਹੱਥ ਜੋੜਦਾ,
ਖਲੋਂਦਾ ਹੱਥ ਬੱਝੇ,
ਜਿਵੇਂ ਵੱਛਾ ਇਕ ਗਊ ਦਾ ਰੱਸੀ ਬੱਝਿਆ !
ਕੀ ਨਾਮ ਨਾਲ ਸਾਂ ਬੰਨ੍ਹਿਆਂ ਮੇਰੇ ਅੰਦਰ ਦਾ ਸੁਰਗਸਾਰਾ,
ਮਤੇ ਮੈਂ ਉਡ ਨ ਜਾਂ, ਛੱਡ ਓਹਦੇ ਪੰਘੂੜਿਆਂ !!

.... .... ....

.... .... ....

ਪਰ ਜਦ ਅੱਖਾਂ ਵੇਖਣ ਸਿੱਖੀਆਂ ਬਾਹਰ ਨੂੰ,
ਤੇ ਹੌਲੇਂ ਹੌਲੇਂ ਨਜ਼ਾਰਾ ਭੁੱਲਿਆ ਆਪਣੇ ਅੰਦਰ ਦੇ
ਚਮਤਕਾਰ ਦਾ,
ਅੱਕ, ਥੱਕ ਪੁੱਛਦੀਆਂ—ਨਾਮ ਵਿੱਚ ਕੀ ਹੈ ?
ਮੁਠ ਵਿਚ ਨੱਪ, ਨੱਪ, ਮੁੜ ਖੋਹਲ, ਖੋਹਲ ਆਖਣ—
ਦੱਸ ਨਾਮ, ਤੇਰਾ ਇਸ ਵਿੱਚ ਕੀ ਹੈ ?
ਨੈਣ ਮੇਰੇ ਮੈਨੂੰ ਪੁੱਛਣ—"ਤੂੰ ਕੌਣ ?"
ਤੇ ਮੈਂ ਵੇਖ ਵੇਖ ਹਾਰਦਾ—ਵੱਤ ਮੈਂ ਕੌਣ?
ਮੇਰੇ ਜਿਹੇ ਸਾਰੇ ਦਿੱਸਦੇ,
ਫਿਰ ਵੱਖਰੇ, ਵੱਖਰੇ ਕਿਉਂ,
ਫਿਰ ਵੱਖਰਾਪਨ ਕੀ ਹੈ ?

.... .... ....



Digitized by Panjab Digital Library | www.panjabdigilib.org

੩.

ਆਦਮੀ ਸਾਹੇ ਇੱਕੋ ਜਿਹੇ,
ਸਾਹਸੱਤ ਭੀ ਇੱਕ ਹੈ,
ਨੁਹਾਰਾਂ ਮਿਲਦੀਆਂ, ਲਹੂ ਮਿਲਦਾ,
—ਹੈਵਾਨਾਂ, ਇਨਸਾਨਾਂ ਦਾ, ਪੰਛੀਆਂ,
ਫੁੱਲਾਂ ਦਾ, ਪਤੀਆਂ, ਜਵਾਹਰਾਤਾਂ ਦਾ—
ਫਿਰ ਅਚਰਜ ਇਹ ਰੰਗ, ਹਰ ਕੋਈ ਵੱਖਰਾ!!

.... .... ....

.... .... ....

ਬਾਹਾਂ ਨੂੰ ਉਲਾਰਨਾ ਮੇਰਾ ਸਭ ਦਾ ਇਕੋ,
ਨੈਣਾਂ ਦਾ ਝਮਕਣਾ ਤੱਕਣਾ ਓਹ ਭੀ ਇਕ ਹੈ,
ਹੋਠਾਂ ਦੀ ਲਾਲੀ ਓਹੋ ਚੂਨੀਆਂ ਵਾਲੀ,
ਤੇ ਖਿੜ ਖਿੜ ਹੱਸਣਾ ਮੇਰਾ, ਗੁਲਾਬਾਂ ਦਾ ਇਕ ਹੈ!
ਦਿਲ ਦੀ ਧੜੱਕ, ਕੀੜੀ ਦੀ, ਹਾਥੀ ਦੀ, ਸ਼ੇਰ ਦੀ, ਮੇਰੀ,
ਫੁੱਲ ਦੇ ਸੁਆਸਾਂ ਦੀ ਚਾਲ ਮੇਰੇ ਸੁਆਸਾਂ ਦੀ ਚਾਲ ਹੈ,
ਪੱਥਰਾਂ ਵਿਚ, ਹੀਰਿਆਂ ਵਿਚ,
ਜਲਾਂ ਵਿਚ, ਥਲਾਂ ਵਿਚ,
ਮੇਰੀ ਆਪਣੀ ਮਾਸ, ਹਡ, ਚੰਮ ਦੀ ਨੁਹਾਰ ਹੈ!

.... .... ....

.... .... ....

ਕੀ ਰੰਗਾਂ ਵਾਲੇ ਉਡਦੇ ਪੰਖੇਰੂ ਵੱਖ ਮੈਂ ਥੀਂ?
ਕੀ ਉਨ੍ਹਾਂ ਦੇ ਨਾਮ ਵਿਚ ਮੇਰਾ ਨਾਮ ਨਹੀਂ ਹੈ?
ਪਰ ਕਬੂਤਰਾਂ ਦੇ ਨੈਣਾਂ ਵਿਚ ਮੇਰੇ ਅੱਥਰੂ,



Digitized by Panjab Digital Library | www.panjabdigilib.org

ਤੇ ਹੰਸਣੀ ਦੇ ਦਿਲ ਵਿਚ ਦਰਦ–ਵਿਰਹਾ ਮੇਰਾ ਹੈ,
ਡਾਰਾਂ ਥੀਂ ਵਿਛੜੀ ਕੂੰਜ ਦਾ ਰੋਣਾ ਮੇਰਾ ਆਪਣਾ,
ਤੇ ਚੋਗ–ਚੁਗਾਂਦੀ ਚਿੜੀ ਦੀ ਚੁੰਝ ਵਿਚ,
ਦਿੱਸੇ ਮੈਨੂੰ ਆਪਣਾ ਮਾਂ–ਪਿਆਰ ਹੈ।

.... .... ....

.... .... ....

ਪੌਸ਼ਾਕੇ ਵੱਖੋ ਵਖ ਦਿੱਸਦੇ,
ਪਰ ਦਿਲ ਮੇਰਾ, ਜਾਨ ਮੇਰੀ,
ਆਸਾਂ ਨਿਰਾਸਾਂ, ਧੜਕ, ਸਹਮ,
ਕਾਂਬਾ, ਉਭਾਰ, ਉਤਾਰ ਮੇਰਾ,
ਸੁਖ, ਦੁਖ, ਭੁਖ, ਨੰਗ,
ਮੌਤ ਤੇ ਵਿਛੋੜਾ ਮੇਰਾ,
ਹਾਇ! ਇਹ ਸਭ ਕੁਛ ਕਿਵ ਮੇਰੇ ਥੀਂ ਵੱਖ ਹੈ?

.... .... ....

.... .... ....

ਇਉਂ ਤਾਂ ਨ਼ਾਰ ਦੀ ਨੋਹਾਰ ਹੋਰ,
ਮਰਦ ਹੋਰ, ਕੁੜੀ, ਮੁੰਡਾ ਵਖ ਹੈ,
ਚੋਲਾ ਵੱਖੋ ਵੱਖ ਹੈ,
ਪਰ ਜੀਣ ਮਰਣ ਮੇਰਾ ਸਾਂਝਾ;

.... .... ....

.... .... ....

ਮੇਰਾ ਨਿੱਕਾ ਜਿਹਾ ਨਾਂਮ ਮੈਨੂੰ ਮਾਰਦਾ,
ਸੱਦਕੇ, ਮੈਨੂੰ, ਮੇਰੇ ਨਾਂ ਥੀਂ ਛੁਡਾਉਣਾ।



Digitized by Panjab Digital Library | www.panjabdigilib.org

ਇਹੋ ਬੱਸ ਪਾਪ ਮੇਰਾ,
ਇਹੋ ਕਰਮ, ਮੇਰੇ ਮਾਂ ਪਿਉ ਨੇ ਮੇਰੇ ਨਾਲ ਚਮੋੜਿਆ!
ਇਹ ਵਹਮ ਜੋ ਦੀਨ ਵਾਲਿਉ!
ਫਸੀ ਮੈਂ ਵਹਮ ਥੀਂ ਕੱਢੀਉ!
ਦੌੜੀਉ! ਇਸ ਰੱਸੀ ਦੀ ਫਾਂਸੀ ਬਣੀ ਪਈ ਹੈ!
ਮੇਰਾ ਨਾਮ ਮੈਨੂੰ ਮਾਰਦਾ,
ਲੋਕੀ ਖਿੱਚਦੇ, ਦੌੜਦੇ, ਖੁੱਲਾਂਦੇ, ਹੱਕਦੇ,
ਲਿਜਾਂਦੇ ਅਗਾਂਹ ਨੂੰ, ਪਿਛਾਂਹ ਨੂੰ,
ਜਿਧਰ ਉਨ੍ਹਾਂ ਦੀ ਮਰਜ਼ੀ,
ਮੈਂ ਖਿੱਚੀ ਖਿੱਚੀ, ਹੜ ਹੜ, ਦੌੜ ਦੌੜ ਅੱਕਿਆ,
ਇਹ ਕੀ ਗੱਲ ਮੇਰੇ ਵਿਚ ਅਣਹੋਈ ਜਿਹੀ ਜੇਵੜੀ?

.... .... ....

.... .... ....

੪.

ਮੈਂ ਮੁੜ ਮੁੜ ਪੁੱਛਦਾ,
ਨਾਮ ਕੀ ਚੀਜ਼ ਹੈ?
ਕੂੜ ਮਾਂ ਪਿਉ ਲਾਈ ਲੀਕ ਮੈਨੂੰ,
ਉਨ੍ਹਾਂ ਦੀ ਖੇਡ ਹੋਈ, ਸਾਡੀ ਮੌਤ,
ਇਹ ਕੀ ਵੜਦੇ ਸਾਰ ਸਾਨੂੰ ਮਾਰਿਆ?

.... .... ....

.... .... ....

ਜਿਹੜੀ ਚੀਜ਼–'ਹੈ ਨਾਂਹ', 'ਹੋਈ ਨਾਂਹ' 'ਹੋਸੀ ਨਾਂਹ',
ਉਸ ਨਾਲ ਜਕੜਿਆ!



Digitized by Panjab Digital Library | www.panjabdigilib.org

ਮੈਨੂੰ ਨਿੱਕਾ ਕਰ ਮਾਰਿਆ।
ਸਾਰੀ ਉਮਰ ਖੇਡ ਜ਼ਿਹੀ ਵਿਚ ਲੰਘੀ, ਨਾਮ ਦੀਆਂ
ਬੱਤੀਆਂ ਬਾਲਦੇ, ਸ਼ਹਰ, ਸ਼ਹਰ ਫਿਰਿਆ,
ਮੁਲਕ, ਮੁਲਕ ਘੁੰਮਿਆਂ, ਹੜ੍ਹਿਆਂ, ਨਾਮ ਦਾ
ਫੁਰੇਰਾ ਉੱਚਾ ਉੱਚਾ ਲਹਰਾਂਦੇ!
ਨਾਮ ਇਕ ਵਹਮ ਸੀ,
ਉਮਰ ਸਾਰੀ ਵਹਮ ਦੇ ਕੰਮ ਕਰਕੇ ਗੰਮੀ,

.... .... ....

.... .... ....

ਮੈਂ ਕੋਈ ਹੋਰ ਹਾਂ,
ਹੁਣ ਮੈਂਨੂੰ ਆਪਣੀ ਸਾਰੀ ਨੁਹਾਰ ਪੂਰੀ,
ਦਰਯਾਵਾਂ, ਪਰਬਤਾਂ, ਘਾਹਾਂ ਵਿੱਚ ਦਿੱਸਦੀ,
ਫੁੱਲਾਂ ਵਿੱਚ ਲਹੂ ਮੇਰਾ,
ਉਨ੍ਹਾਂ ਦਾ ਲਹੂ ਮੇਰੇ ਵਿੱਚ ਹੈ!
ਹੱਡੀਆਂ ਮੇਰੀਆਂ ਹਿਮਾਲਾ ਦੀ ਕੜੀਆਂ, ਸਿੱਧੀਆਂ
ਗ੍ਰੈਨਾਈਟ(ਬੱਜਰ)ਦੇ ਹੱਡਾਂ ਨਾਲ ਵਜ ਵਜ ਕੂਕਦੀਆਂ
—— "ਇਹ ਮੈਂ ਹਾਂ" ——
ਖੁੱਲ੍ਹੇ ਮੈਦਾਨਾਂ ਦੇ ਘਾਹ
ਮੇਰੇ ਕੇਸਾਂ ਦਾ ਨਾਮ ਪਏ ਲੈਂਦੇ,
ਕੰਨੀਂ ਸੁਣੀਆਂ ਮੈਂ ਸਭ ਕਨਸੂਆਂ!
ਰਾਤ ਦੀ ਅੱਖ ਵਿੱਚ ਮੇਰਾ, ਮੇਰਾ ਸੁਫਨਾ,
ਅਸਗਾਹ ਨੀਲਾਣ ਵਿੱਚ ਮੇਰੇ ਮਨ-ਗਗਨਾਂ
ਦਾ ਝਾਵਲਾ!



Digitized by Panjab Digital Library | www.panjabdigilib.org

ਮੈਂ ਇੰਨਾਂ ਅਨੰਤ ਜਿਹਾ ਦਿੱਸਦਾ,
ਸਾਰਾ ਜਗ ਮੇਰੇ ਸੁਫਨੇ ਦੇ ਪੇਚ ਵਿੱਚ
ਜਗ ਬੀਂ ਵੀ ਹੋਰ ਕੁਛ ਹਾਲੇਂ ਮੈਂ ਕੁਛ ਹੋਰ ਹਾਂ,

.... .... ....

.... .... ....

ਮੇਰਾ ਨਿੱਕਾ ਜਿਹਾ ਨਾਮ ਕਿਉਂ ਰੱਖਿਆ,
ਸਬ ਬੀਂ ਕੱਟਕੇ, ਪਾੜਕੇ, ਚੀਰਕੇ, ਲੀਰ ਜਿਹੀ ਆਕਾਸ਼
ਨਾਲੋਂ ਇਸ ਨਾਮ ਦੀ ਨਿਕਾਣ ਵਿੱਚ ਮੁੜ, ਮੁੜ,
ਰੱਖਿਆ! ਮੁੜ, ਮੁੜ ਵੱਕਿਆ!! ਇਹ ਕੀ?

---

# ੨—ਕਰਮ, ਕਰਮ ਕੂਕਦੇ, ਕੌਣ ਕਰਦਾ?

੧.

ਕਰਮ, ਕਰਮ, ਕੂਕਦੇ, ਕੌਣ ਕਰਦਾ?
ਮੈਂ ਤਾਂ ਅਨੰਤ ਹਾਂ, ਜਗ ਸਾਰਾ, ਬ੍ਰਹਮੰਡ ਸਾਰਾ,
ਪ੍ਰਿਥਵੀ ਦੀ ਚਲਣ ਦੇ ਕਰਮ ਕਰਕੇ
ਉੱਠ ਮੈਨੂੰ ਇਕ ਚਿੜੀ ਨੂੰ ਚੁੱਕ ਚੁੱਕ ਮਾਰਦੇ,
ਇਹ ਕੀ? ਕਰਮ ਕੌਣ ਕਰਦਾ?

.... .... ....

.... .... ....

ਜੀਂ ਕੀ ਕਰਦਾ? ਮੈਂ ਤਾਂ ਬੇਹੋਸ਼, ਕਾਲ—ਫੜਿਆ,
ਬੇਸੁੱਧ ਜਿਹਾ, ਮੈਨੂੰ ਤਾਂ ਬਹੁ ਨਹੀਂ, ਮੇਂ ਕੀ ਕਰਦਾ?



Digitized by Panjab Digital Library | www.panjabdigilib.org

ਦਰਯਾ ਦੀ ਇਕ ਲਹਰ ਇਉਂ ਵਗਦੀ,
ਦੂਜੀ ਉਂ ਵਗਦੀ, ਖਬਰ ਨਹੀਂ ਪੈਂਦੀ ਕਿਉਂ ਵਗਦੀ,
ਪਵਨ ਦੇ ਵੇਗ ਨਾਲ ਉੱਠਦੀਆਂ,
ਲਹਰਾਂ ਨੂੰ ਕੀ ਜ਼ਿਮੇਵਾਰੀ ?
ਹਵਾ ਨਾਲ ਪਾਣੀ ਕਿਉਂ ਕੰਬਦਾ ?
ਜੇ ਲਹਰਾਂ ਦੀ ਪੜ੍ਹਾੜਦੀ ਕਰਮ-ਗਿਣਤੀ,
ਮਿੱਤ੍ਰ! ਪਾਣੀਆਂ ਨੂੰ ਹਿਠਾਹਾਂ ਖਿੱਚੇ ਕੌਣ ?
ਕੌਣ ਚਾਹੜਦਾ ਓਤਾਹਾਂ ਨੂੰ,
ਕਲਾਂ ਹਰ ਸਾਂਨਯੇ ਲਖ, ਲਖ ਵਖਰੀਆਂ !

.... .... ....

.... .... ....

ਮੀਂਹ ਪੈਂਦਾ, ਤੇ ਬਣਾਂਦਾ, ਨਿੱਕੀਆਂ ਨਿੱਕੀਆਂ,
ਤਲਾਉੜੀਆਂ,
ਗਲੀਆਂ ਦੀ ਨਿੱਕੀ ਨਿੱਕੀ ਸੁੱਕੀ ਰੇਤ ਤੇ ਪਾਣੀ ਟੁਰਦੇ,
ਤੇ ਪਾਣੀਆਂ ਤੇ ਮੀਂਹ ਦੀਆਂ ਕਣੀਆਂ ਦਾ ਡਿੱਗਣਾ,
ਤੇ ਬੂੰਦਾਂ ਦਾ ਆਪਣੇ ਵਿਛਾਏ ਜਲਾਂ ਤੇ ਬੁਦਬੁਦੇ ਬਣਨਾ,
ਘੜੀ, ਘੜੀ ਬਣਨਾ, ਬਿਨਸਨਾ, ਮਰਣ ਜਾਣ ਤਾਂ ਇੱਕੋ
ਘੜੀ ਅਕਹ ਜਿਹਾ ਨਾਚ ਬੁਦਬੁਦਿਆਂ ਦਾ !
ਉਹ ਨੱਚਣਾ ਖੁਸ਼ੀ ਵਿਚ, ਉੱਠਣਾ, ਭੱਜਣਾ ਪਾਣੀਆਂ
ਟੁਰਦਿਆਂ ਤੇ, ਹੋਣਾ ਨ-ਹੋਣਾ-ਬਰਾਬਰ ਹਰ
ਪਾਸਿਓਂ,
ਤੇ ਮੁੜ ਲੱਖਾਂ ਵਿਚ ਹਰ ਇਕ ਵੱਖਰੇ ਬੁਦਬੁਦੇ ਦਾ
ਨਾਚ ਆਪਣਾ,



Digitized by Panjab Digital Library | www.panjabdigilib.org

ਇਨ੍ਹਾਂ ਘੜੀ ਦੀ ਘੜੀ ਖੁਸ਼ੀਆਂ ਕਰਨ ਲਈ
ਇਸ ਦੁਖ–ਸੁਖ, ਜੀਣ–ਮਰਣ, ਹੋਂ ਮਿਲਵੇਂ ਅਨੰਦ
ਦੇ ਕਰਮ ਲਈ ਵੀ ਕਿਧਰੇ ਸੋਹਣੀ ਜਿਹੀ ਗਾਂਸੀ
ਕਰਮ ਦੀ ਲਟਕੀ ਪਈ ਹੈ। ਤੇ ਕਿਸ
ਲਟਕਾਈ ਹੈ?

੨.

ਹੀ੍ਯਾ ਵੱਡਾ ਲੋੜੀਏ,
ਮੇਰੇ ਮੱਥੇ ਕਰਮ ਲਿਖਣੇ ਨਹੀਂ ਸੌਖੇ।
ਮੈਂ ਕੀ ਜਾਣਦਾ ਮੈਂ ਕੌਣ?
ਪਹਲਾਂ ਤਾਂ ਮੈਨੂੰ ਮੇਰਾ ਪੂਰਾ, ਪੂਰਾ ਦਰੁ ਦਿਓ,
ਫਿਰ ਮੈਨੂੰ 'ਸਿਆਣ' ਦਿਓ,
ਇੱਕੋ ਜਿਹੀ, ਅੱਜ ਦੀ, ਕਲ ਦੀ, ਭਲਕੇ ਦੀ।
ਮੈਂ ਕੀ ਜਾਣਦਾ, ਮੈਂ ਕੀ ਕਰਦਾ,
ਸਾਰਾ ਰੱਬ ਦਾ ਹਾਲ ਮੈਨੂੰ ਮਲੂਮ ਨਾਂਹ,
ਥੋੜਾ ਵੀ ਮਲੂਮ ਨਾਂਹ,
ਕੌਣ ਆਖਦਾ: "ਮੈਂ ਕਰਦਾ"
ਪਤਾ ਨਹੀਂ ਕੌਣ ਕਰਦਾ,
ਪਤਾ ਨਹੀਂ, ਮੈਨੂੰ ਨਹੀਂ, ਦਸੇ ਹੋਰ ਕੋਈ ਹੈ ਪਤਾ ਜਿਨੂੰ,
ਹਾਂ! ਕਿਸ ਮੀਂਹ ਦੀ ਕਣੀਆਂ ਦੀ ਬੁਦਬੁਦਾ-ਖੇਡ ਮੈਂ?
ਹਾਂ! ਕਿਸ ਕਰਤਾਰ ਦੀ ਕੇਹੜੀ ਲੀਲ੍ਹਾ ਦਾ
ਮੈਂ ਕੀ, ਮੈਂ ਰੰਗ ਹਾਂ?
ਭੇਤ ਦੱਸੇ ਕੌਣ?



Digitized by Panjab Digital Library | www.panjabdigilib.org

ਘਤੇ ਜਾਲ਼ਾ ਵੀ ਪਰ ਦੱਸੇ ਕਿਵੇਂ ?
ਹੀ ... ਵੱਡਾ ਲੋੜੀਏ,
ਮੇ ... ਖੇ ਕਰਮ, ਧਰਮ, ਮਜ਼ੂਨ ਨੂੰ !!

.... .... ....

.... .... ....

੩.

ਓ ਸਾਈਂ ਵਾਲਿਓ !
ਆਪਣੂੰ ਕਰਮਾਂ ਦੀ ਪਈ ਹੈ,
ਮੈਂ ਕੂਕਦਾ, ਦੱਸੋ ਕੀ ਇਲਾਜ, ਸਜਨੋਂ !
ਮੈਂ ਆਪਣਾ ਆਪ ਨ ਜਾਣਦਾ,
ਦੱਸੋ ਮੈਨੂੰ ਮੈਂ ਕੌਣ ਹਾਂ ?
ਜਿਸਮ ਮੈਨੂੰ ਅਨੰਤ ਜੇਹਾ ਦਿੱਸਦਾ ਮੇਰਾ,
ਨਾਮ ਮੇਰਾ ਨਿੱਕਾ,
ਤੇ ਨਾਮ ਨੇ ਵਖਰੀਕੀਤੀ ਇਸ ਵੱਡੇ ਜੁੱਸੇ ਦੀ ਨਿੱਕੀ ਜਿਹੀ
ਕਾਟ ਜਿਹੀ ਪਈ ਹੈ ! ਕਤ੍ਰਿਆਂ, ਕੱਟਿਆਂ ਸਬ
ਨਾਲੂੰ ਵੱਖਰਾ ਜਿਹਾ ਪਿਆ ਦਿੱਸਦਾ !!

.... .... ....

.... .... ....

ਕੀ ਬੱਸ ਇਹ ਮੈਂ ਹਾਂ—
ਜਿਹੜਾ ਇਸ ਵਖਰੇ, ਨਿੱਕੇ ਕੱਟੇ ਜਿਸਮ ਨੂੰ ਤੋਰਦਾ ?
ਕੀ ਇਸ ਵਿਚ ਖਾਸ ਕੋਈ ਭੇਤ ਹੈ ਵੱਖਰੇਪਨ ਦਾ ?
ਕੀ ਇਸ ਨੁਹਾਰ ਦਾ, ਰੰਗ ਤ, ਬੱਸ ! ਰੰਗੀਣ ਕੂ, ਰਵਾ ਮਾਤ੍ਰ



Digitized by Panjab Digital Library | www.panjabdigilib.org

ਵੱਖਰਾ ਇਕ ਰੰਗ, ਭਾ, ਬੱਸ! ਇਹ ਵੱਖ ਹੈ?
ਤੇ ਇਹ ਮੈਂ ਮੇਰੀ, ਵੱਖਰ ਸਬ ਮੈਰੀਯਤ(ਮੇਰਾ ਪਨ)ਹੈ?

.... .... ....

.... .... ....

੪.

ਪਰ ਇਹ ਵੀ ਠੀਕ ਨ ਦਿੱਸਦੀ ਗੱਲ,
ਮੈਂ ਤੱਕੀ ਹੈ,ਇਹ ਵੱਖਰੀ ਜਿਹੀ ਮੇਰੀ'ਮੈ'ਮੈਰੀਯਤ ਵੀ,
ਲੱਖਾਂ ਵੇਰੀ ਉੱਡੀ ਛੱਡ ਇਸ ਵੱਖਰੇਨਕਸ਼ ਤੇ ਨਕੂਸ਼ ਥੀਂ,
ਮੇਰੇ ਤੱਕਦੇ, ਤੱਕਦੇ ਨੱਸੀ ਵੰਗ ਲਾ,
ਇਸ 'ਮੈਂ ਮੇਰੀ' ਨੂੰ ਛੱਡ ਕੇ;
ਸੋਹਣੀ ਚੀਜ਼ ਕਦੀ ਜਦ ਦਿੱਸੀ ਇਨੂੰ,
ਇਹ ਮੈਂ ਮੋਈ, ਉੱਡੀ, ਭੱਜੀ, ਪਿੱਛੇ ਮੁੜ ਮੁੜ
ਤੱਕ ਕੇ ਆਖੇ:-
"ਬੱਸ ਮੈਂ ਇਹ ਹਾਂ,
ਜਾਹ ਓਹ ਨਹੀਂ,
ਇੱਥੇ ਰਹਸਾਂ, ਓਥੇ ਨ ਮੁੜਾਂ ਕਦੀ,
ਇਸ ਵਿਚ ਸੁਮਾਸਾਂ ਇੱਥੇ,
ਛੱਡ ਮੈਨੂੰ, ਛੋੜ, ਮਰ ਤੂੰ, ਜਾਹ,
ਹੱਟ, ਛੱਡ ਜਾਹ, ਮੈਨੂੰ,
ਮੈਂ ਤਾਂ ਇਹ ਹਾਂ,
ਓਹ ਵਹਮ ਸੀ,
ਮੈਂ ਬੱਸ ਹੁਣ ਇੱਥੇ ਰਹਸਾਂ।"



Digitized by Panjab Digital Library | www.panjabdigilib.org

ਲੱਖ ਵੈਰੀ ਹੋਇਆ ਇਸ ਨਟਣੀ ਜਿਹੀ ਨੂੰ,
ਪਰ ਹਰ ਵੈਰੀ ਉਧਲਦੀ, ਜਦ ਕੋਈ ਸੋਹਣਾ ਆਣ
ਗਲ ਲੱਗਜਾ !

.... .... ....

.... .... ....

ਦਰਯਾ ਵਿੱਚ ਛਾਲਾਂ ਮਾਰੇ,
ਅੱਗਾਂ ਵਿਚ ਉੱਠ ਨੱਸੇ ਅੱਧੀ ਰਾਤੀਂ ਕਾਲੀਆਂ,
ਸਦਾ ਆਖੇ, ਮੈਂ ਇਹ ਨਹੀਂ, ਓਹ ਹਾਂ,
ਸਦਾ ਟੁਰਦੀ, ਨਿਤ ਉੱਠ ਨੱਸਦੀ,
ਘੜੀ ਘੜੀ ਲੁਛਦੀ ਵਾਂਗ ਜਲ ਬਿਨਾਂ ਮਛਲੀਆਂ,
ਵੇਖ ਵੇਖ ਲਿਸ਼ਕਾਂ ਸੁਹਣੱਪ ਦੀਆਂ,

.... .... ....

.... .... ....

ਫੁੱਲਾਂ ਵਿਚ ਰੀਝੇ ਇਹ,
ਬਰਫਾਂ ਦੀ ਖੁਲ੍ਹ, ਤੇ ਠੰਢ ਤੇ ਮਰਦੀ,
ਧੁੱਪ ਲੋਚੇ ਅੱਗ ਲੋਚੇ, ਦਿਨ ਲੋਚੇ ਰਾਤ ਵੀ,
ਪਰਬਤਾਂ ਦੀ ਦੂਰੋਂ ਦਿੱਸਦੀ ਸਫੇਦੀ ਲੋਚੇ,
ਸੋਨਾ ਲੋਚੇ ਹੇਮਖੰਡ ਦਾ,
ਲਾਲੀ ਮੰਗੇ, ਕਾਲੀ, ਕਾਲੀ ਸ਼ਾਮ ਦੀ,
ਪਾਤਸ਼ਾਹਾਂ ਦੀ ਬੇਟੀਆਂ ਦੀ ਨੇਹਾਰਾਂ ਦੀ ਦੀਦ ਮੰਗੇ,
ਕਦੀ ਵਾਰੇ ਘਰ ਬਾਹਰ, ਘਮਿਆਰ ਦੀ ਗਰੀਬ ਗਰੀਬ,
ਫੁਲ ਅੁੰਗਣੀਆਂ ਦੀ ਸੁਹਣੱਪ ਤੇ;
ਹਵਾ ਦੀ ਚੁੰਮਦੀ ਛੋਹ ਨੂੰ ਬੋਚੇ, ਦੇ, ਦੇ ਚੁੰਮੀਆਂ;



Digitized by Panjab Digital Library | www.panjabdigilib.org

ਜਲਾਂ ਦੇ ਵਹਣਾਂ ਦੀ ਆਸ਼ਕ ਮਰੇ,ਮਾਰ,ਮਾਰ, ਚੁੱਬੀਆਂ
ਤਾਰਿਆਂਨੂੰਦੇਵੇ ਅੱਧੀ ਰਾਤ ਉੱਠ ਨੈਣਾਂ ਦੀਆਂ ਹੁੱਪੀਆਂ
ਸੂਰਜ ਨੂੰ ਚੁਕ ਹੱਥ ਵਿਚ ਗੇਂਦ, ਗੇਂਦ ਖੇਡਦੀ,
ਪੰਨੇ ਮੰਗੇ, ਹੀਰੇ ਮੰਗੇ,ਚੂਨੀਆਂ,ਪੰਜ ਗੀਟੜਾ ਇਹ;
ਰੀਝੇ ਕਦੀ ਅਜਨਬੀ ਕਿਸੀ ਦੇ ਪਜਾਰ ਦੇ ਸੇਵਾ ਦੇ
ਮਿੱਠੇ ਮਿੱਠੇ ਗੀਤ ਇਹ;
ਕਦੀ ਮੰਗੇ ਕੰਡੀਆਂ ਦੇ ਦਿੱਤੇ ਜ਼ਖਮਾਂ ਦੀ ਪੀੜ ਇਹ,
ਫੁੱਲਾਂ ਨੂੰ ਟੋਲਦੀ,
ਕਦੀ ਸੂਲੀ ਸਹਾਰਦੀ ਕੰਡੇ ਜਿੰਨੀ ਪੀੜ ਨਾਂਹ,
ਕਦੀ ਫੁੱਲ-ਸੱਟ ਉੱਤੇ ਚੀਖਦੀ,
ਰੀਝੇ ਕਦੀ ਕਿਸੀ ਦੀ ਨਿੱਕੀ ਜਿਹੀ ਅਦਾ ਤੇ,
ਤੇ ਰਾਜਿਆਂ ਨੂੰ ਠੋਕਰਾਂ ਮਾਰਦੀ,
ਹੋਠਾਂ ਨਾਲ ਬੱਧੀ ਹਸੀ ਦੀ ਲਹਰ ਵਿੱਚ ਡੁੱਬਦੀ
ਕਮਲੀ ਬਿਨ ਪਾਣੀਆਂ,
ਕਦੀ ਕਿਸੀ ਦੇ ਨੈਣਾਂ ਦੀ ਮਾਰੀ ਫਕੀਰ ਜਿਹੀ ਹੋਂਵਦੀ,
ਬਰਦੀ ਬਣਦੀ ਕਿਸੀ ਸੋਹਣੇ ਦੀਦਾਰ ਦੀ,
ਤੇ ਤਖਤਾਂ ਤੇ ਪੈਰ ਧਰ ਲੰਘਦੀ ਸ਼ੇਖ ਜਿਹੀ ਹੋਕੇ;
ਕਦੀ ਹਾਸੇ ਨਾਲ ਪ੍ਰੋਈ ਖੜੀ,
ਕਦੀ ਅਥਰੂਆਂ ਦੀ ਕਤਾਰ ਚਲਦੀ,
ਰੀਝੇ ਅਸਮਾਨਾਂ ਵਲ ਨੀਝ ਲਾ,
ਤਾਰਿਆਂ ਨੂੰ ਤੱਕ, ਤੱਕ, ਬਲਦੀ, ਸੇਖਦੀ !
ਕਦੀ ਹਿਸੇ (ਬੁੱਝੇ) ਇਹ ਕਾਲੀ ਰਾਤ ਦੀ ਅਕੱਲ ਵਿਚ,
ਇਉਂ ਲੱਖ ਵੇਰੀ ਮੈਂ ਤੱਕਿਆ,



Digitized by Panjab Digital Library | www.panjabdigilib.org

ਇਹ ਆਪਾ ਟੁੱਕ, ਟੁੱਕ, ਸੁੱਟਦੀ,
ਕੋਹਦੀ–ਵਾਰੀ, ਵਾਰੀ, ਘੋਲੀ, ਘੋਲੀ ਲਖ, ਲਖ
ਵੇਰੀਆਂ, ਇਕ, ਇਕ ਰੂਪ ਦੀ ਕਿਰਨ ਤੇ,
ਕਿਸੀ ਅਣਡਿੱਠੇ ਦੇ ਨੈਣਾਂ ਦੀ ਮੋਈ ਇਹ,
ਸਾਧਣੀ, ਬੈਰਾਗਣੀ, ਯੋਗਣੀ,
ਭੋਗਣੀ, ਸ਼ੋਖ, ਚੰਚਲ ਪਰੀ ਇਹ !!

.... .... ....
.... .... ....
.... .... ....

ਪ.

ਕਦਮ, ਕਦਮ, ਦੰਮ ਬਦੰਮ,
ਆਪਾ ਛੱਡ ਇਹ ਨੱਸਦੀ,
ਦੂਇਆਂ ਨੂੰ ਪਿਆਰਦੀ,
ਆਖਦੀ ਹਾਲਦੀ ਜੀਭ ਨਾਲ,
ਮੂੰਹੋਂ ਨਹੀਂ ਬੋਲਦੀ,
ਚੁੱਪ, ਬਲਦੀ ਵਾਂਗ ਮੰਦਰ ਦੇ ਧੂਪ ਦੇ, ਉਦਾ, ਉਦਾ
ਧੂੰਵਾਂ ਦਿਲ ਥੀਂ, ਉੱਠਦਾ, ਉੱਚੀ ਜਾਂਦੀ ਵਾਂਗ
ਅਰਦਾਸ ਦੇ !!

.... .... ....

ਇਉਂ ਸੁਹਣੱਪ ਦੇ ਪਿਆਰ ਵਿਚ,
ਇਕ ਇਕ ਦੰਮ ਵਿਚ ਇਨੂੰ ਲਖ, ਲਖ, ਮੌਤਾਂ, ਮਰਨ
ਲਖ, ਲਖ ਹੁੰਦੇ ਇਹਦੇ, ਪਰ ਮਰਨ ਨਾਂਹ
ਪਛਾਣਦੀ,



Digitized by Panjab Digital Library | www.panjabdigilib.org

ਮੋਈ ਸਦਾ ਦੀ, ਹਰ ਘੜੀ,
ਸਦਾ ਜੀਉਂਦੀ, ਮਰਦੀ ਨਾਂਹ !
ਮੈਂ ਕਦੀ ਇਨੂੰ ਇਸ ਨਿੱਕੀ ਨਾਮ–ਨੋਹਾਰ
ਵਿਚ ਨਾਂਹ ਤੱਕਿਆ,
ਜਦ ਆਈ, ਮੁੜੀ ਪਿੱਛੇ,
ਝਲਕਾ ਕਿਸੀ ਦੇ ਰੂਪ ਦਾ ਵੱਜਦਾ,
ਮੁੜ ਉਧਲੀ, ਇਹ ਦੀ ਕਦੀ ਖੈਰ ਨਾਂਹ!!

.... .... ....

.... .... ....

ਲੱਖਾਂ ਬਿਜਲੀਆਂ ਪੈਂਦੀਆਂ, ਇਸਤੇ ਚੁਪ ਚੁਪੀਤੀਆਂ
ਛਪੇ ਜੇ ਕਦੀ, ਇਹਦਾ ਆਹਲਣਾ ਟੋਲਦੀਆਂ
ਟੋਲ, ਟੋਲ, ਇਹਦੇ ਆਹਲਣੇ ਭੂਕਦੀਆਂ,
ਇਸ ਬਾਵਲੀ ਨੂੰ ਪਤਾ ਨਹੀਂ !!

.... .... ....

.... .... ....

੬.

ਇਹ ਜ਼ਰੂਰ ਹੈ, ਇੰਨੀ ਬੇਸਬਰ ਜਿਹੀ ਚੀਜ਼ ਇਹ,
ਇਸ ਨਿੱਕੀ ਜੀ–ਨੋਹਾਰ ਨਾਲ,ਵਖਰਾਪਨ ਜਿਹੇ
ਵੈਨ ਨਾਲ, ਕਿਸੀ ਪੱਕੀ ਰੇਸ਼ਮ ਦੀ
ਰੱਸੀ ਨਾਲ ਬੱਧੀ ਜ਼ਰੂਰ ਹੈ;
ਨੱਸ, ਨੱਸ ਜਾਂਦੀ, ਮਰਦੀ, ਡੁੱਬਦੀ, ਸੜਦੀ ਉੱਡਦੀ,
ਪਰ ਮਰੇ ਨਾਂਹ, ਡੁੱਬੇ ਨਾਂਹ, ਸੜੇ ਨਾਂਹ, ਸੁੱਕੇ ਨਾਂਹ,
ਮੁੜ ਮੁੜ ਇੱਥੇ ਆਉਂਦੀ,



Digitized by Panjab Digital Library | www.panjabdigilib.org

ਜਿਵੇਂ ਪੰਛੀ ਮੁੜ ਮੁੜ ਆਵੈ ਪਾਣੀਆਂ ਥੀਂ ਥੱਕਿਆ,
ਸਾਗਰਾਂ ਵਿਚ ਚੱਲਦਾ ਨਿੱਕਾ ਜੋ ਜਹਾਜ ਹੈ !!

.... .... ....

.... .... ....

ਮੈਂ ਹੈਰਾਨ ਵੇਖਦਾ,
ਇਹ ਡੁਲ੍ਹਣਾ, ਵਗਣਾ, ਵਹਣਾ,
ਮਰਨਾ ਛਿਨ ਛਿਨ ਦਾ ਮੇਰੀ ਮੈਂ ਦਾ, ਇਕ ਅਚਰਜ
ਜਿਹਾ ਰੰਗ ਹੈ !!
ਇਹ ਸੁਮੰਦ੍ਰਾਂ ਵਿਚ ਵਹਣ ਦਾ ਕੀ ਭੇਤ ਹੈ ?
ਇਹ ਲੱਖਾਂ ਦਰਯਾਵਾਂ ਦੀ ਨਾਤੀ ਧੋਤੀ ਆਬ ਹੈ,
ਮੇਰੀ ਮੈਂ ਤੇ ਚੜ੍ਹਿਆ ਰੰਗ ਮਿਲਵਾਂ ਮਿਲਵਾਂ
ਲੱਖਾਂ ਹੀ ਸੁਹਣੱਪਾਂ ਦਾ,
ਇਸ ਵਿਚ ਲੱਖਾਂ ਸੁਮੰਦ੍ਰਾਂ ਦੇ ਪਾਣੀਆਂ ਦੀ ਡਲ੍ਹਕ
ਹਰ ਕਿਸੀ ਦੀ ਰੱਬਤਾ ਨੂੰ ਛੋਂਹਦੀ,
ਅਨੰਤਤਾ ਨੂੰ ਚੁੰਮਦੀ ਦਿਨ ਰਾਤ ਇਹ ਹੈ,
ਸਭ ਨਾਲ ਲਗ, ਲਗ, ਪਿਆਰ-ਜੱਫੀਆਂ
ਵਿਚ ਪਲਦੀ,
ਵਗ, ਵਗ ਠਹਰਦੀ, ਠਹਰ, ਠਹਰ, ਵਗਦੀ,
ਨਿੱਸਰਦੀ, ਉਚੀਂਦੀ, ਥੀਂਦੀ
ਇਹ, 'ਨਾਂਹ', 'ਨਾਂਹ' ਹੋਕੇ ।
ਇਹ ਕੀ ਅਦਭੁਤ ਜਿਹੀ ਖੇਡ ਹੈ ?
ਅਨੰਤ, ਅਮਿਤ, ਅਤੋਲ, ਅਮੋਲ, ਅਡੋਲ,
ਅਗੱਮ, ਅਥਾਹ, ਅਸਗਾਹ, ਜੇਹੜੀ "ਓਹ"



Digitized by Panjab Digital Library | www.panjabdigilib.org

ਇਉਂ ਖੇਡ ਜੇਹੀ ਵਿਚ, ਅੰਤ, ਮਿਤ, ਝੇਲ, ਮੇਲ,
ਡੋਲ, ਗੱਮਤਾ, ਬਾਹਤ੍ਰਾ, ਗਾਹਤ੍ਰਾ ਕਿਹੀ
'ਇਸ' ਵਿਚ ਆਉਂਦੀ, ਵੱਸਦੀ, ਹੱਸਦੀ,
ਹੋਂਦੀ, ਅਚਰਜ ਹੈ !!

.... .... ....

.... .... ....

7.

ਕਰਮ ਮੈਨੂੰ ਫੜਨਗੇ,
ਫੜਨ !
ਹੱਥ ਮਾਰ ਕਰਮਾਂ ਦੇ ਹਥ ਏ,
ਖੁਲ੍ਹੇ ਮੈਦਾਨ, ਖੁਲ੍ਹੇ ਘੁੰਡ ਮੈਂ ਨੱਸਦੀ !
ਫੜੋ ! ਆਓ ਲਾਓ ਜ਼ੋਰ ਮੈਂ ਨੱਸਦੀ !
ਪਰ ਦੱਸੋ ਪਹਲਾਂ ਮੈਂ ਕਿੱਥੇ ? ਨਾਮ ਮੇਰਾ ਕੀ ਹੈ ?
ਓਹ ਨਾਮ ਲੋਕੀ ਜੇਹੜਾ ਲੈਂਦੇ,
ਢੂੰਢ, ਢੂੰਢ ਥੱਕਿਆ,
ਜੀਵਨ-ਖੇਤ੍ਰ ਵਿਚ ਕਿਧਰੇ ਨਾਂਹ ਲੱਭਿਆ !

.... .... ....

.... .... ....

ਕਰਬ ਦੇਣੇ ਜਿਨ੍ਹਾਂ ਦੇ,
ਫਰਬ ਦੇਣੇ ਜਿਨ੍ਹਾਂ ਦੇ,
ਨੱਸੋ, ਦੌੜੋ ਸੁਣ ਮੈਂ ਆਖਿਆ,
ਫੜਿਆ ਮੈਨੂੰ, ਜ਼ੋਰ ਨਾਲ,



Digitized by Panjab Digital Library | www.panjabdigilib.org

ਸਾਰੇ ਆਖਣ ਠੀਕ ਫੜਿਆ,
ਤੇ ਘੁਟ, ਘੁਟ, ਮੁੱਠਾਂ ਵਿਚ ਨੱਪਣਾ,
ਮੁੱਠ ਖੋਹਲੀ ਸਾਰੀ ਖਾਲੀ ਦੀ ਖਾਲੀ,
ਜੱਫੀਆਂ ਬਾਹਾਂ ਦੀਆਂ ਸਾਰਿਆਂ ਦੀਆਂ ਖਾਲੀ !!
ਹਾਂ, ਆਖਣ ਓਹ ਗਿਆ ਕਿੱਥੇ ?
ਜਿਸ ਸਾਡੇ ਫਰਜ਼ ਦੇਣੇ ਇੰਨੇ ਵੇਰ ਸਾਰੇ,
ਜਿਸ ਸਾਡੇ ਕਰਜ਼ ਦੇਣੇ ਇੰਨੇ ਵੇਰ ਸਾਰੇ,
ਉਹ ਕੌਣ ਸੀ ?
ਚੰਗੀਤਰਾਂ ਨੀਝ ਲਾ ਨਾਂਹ ਤੱਕਣਾ,
ਸੀ ਵੀ ਕੁਝ ਕਿ ਨਹੀਂ ਸੀ ?
ਠੀਕ ਸਿਞਾਣ ਨ ਸੱਕਿਆ !!

.... .... ....

.... .... ....

ਗਾਯਾ ਸੀ ਮੈਂ ਬਹੁ ਸੋਹਣਾ,
ਸੋਨੇ ਦੇ ਗੀਤ ਰੰਗੀਲੇ, ਛਬੀਲੇ,
ਖ਼ਲਕ ਮੋਹਿਤ ਹੋ ਡਿੱਗਦੀ ਵਾਂਗ ਪਤੰਗਿਆਂ,
ਗੀਤ ਦੇ ਦੀਵੇ ਜੋ ਬਾਲੇ ਮੇਰੀ ਸੁਰਤਿ ਨੇ,
ਦੌੜੀ ਸਾਰੀ ਖਲਕ ਆਈ,
ਲੋਕਾਈ ਕੂਕਦੀ, ਗਾਣ ਵਾਲਾ ਕਿੱਥੇ ?
ਕੀ ਇਹ ਬਲਦੇ ਦੀਵੇ ਪਏ ਗਾਉਂਦੇ ?
ਖੁਸ਼ੀ ਹੋ ਸਾਰੇ ਆਖਣ ਇਹ ਵੇਖੋ ਇਹ ਹੈ !
ਫੜ, ਫੜ, ਦਿਲਾਂ ਦੀਆਂ ਮੁੱਠੀਆਂ ਭਰਦੇ,
ਜਿਵੇਂ ਸੱਚ ਮੁੱਚ ਗਾਣ ਵਾਲਾ ਲੱਭਿਆ,



Digitized by Panjab Digital Library | www.panjabdigilib.org

ਅੱਖਾਂ ਖੋਹਲ ਤੱਕਿਆ, ਕੁਛ ਨਹੀਂ ਸੀ ਓਥੇ,
ਮੁੱਠ ਖੋਹਲ ਖੋਹਲ ਤੱਕਦੇ,
ਖਾਲੀ, ਸਾਰੀਆਂ ਖਾਲੀ, ਖਾਲੀ !!

.... .... ....

.... .... ....

## ੮.

ਓਏ ਮੈਂ ਉਡਾਰੂ ਜਿਹਾ ਰਸ ਹਾਂ,
ਮੈਂ ਕਿਸੀ ਆਲੀ ਉੱਚੀ ਸਰਕਾਰ, ਦਰਬਾਰ ਦਾ ਢਾਡੀ,
ਪੈਰ, ਹਥ, ਨੈਣ, ਦਿਲ, ਜਿਗਰ, ਜਾਨ ਵਾਲਾ ਪੂਰਾ,
ਮੇਰੇ ਪਿੱਛੇ ਕਿਉਂ ਲੱਗੇ ?
ਕਰਮਾਂ ਦੀ ਖੇਡ ਕਿਸੀ ਹੋਰ ਗਲੀ ਲੋਕੀ ਖੇਡਦੇ!!
ਮੈਂ ਕਰਮਾਂ ਦੀ ਖੇਡ ਨਹੀਂ ਖੇਡਦਾ,
ਕਰਮ ਮੇਰੇ ਉਹ ਉੱਡਦੇ ਵਾਂਗ ਟਿੱਡੀਆਂ,
ਦਿਨ ਦਿਹਾੜੀ ਹਨੇਰਾ ਪਾ ਮੈਨੂੰ ਡਰਾਉਂਦੇ,
ਪਰ ਛਿਨ, ਪਲ ਵਿਚ, ਜਦ ਮੈਂ ਡਰ ਡਰ ਮਰਦਾ,
"ਮਰਦ ਦਾ ਚੇਲਾ" ਛਡਦਾ ਤਿਲਯਰ ਆਪਣੇ, ਅਧ
ਅਸਮਾਨਾਂ ਵਿਚ ਉੱਡਦੇ,
ਰੱਬ ਮੇਰਾ ਭੇਜਦਾ ਮੇਹਰਾਂ ਦੇ ਪੰਛੀ,
ਓਹ ਕੁਟ, ਕੁਟ, ਟੁਕ, ਟੁਕ, ਮੇਰੇ ਕਰਮਾਂ ਦੇ ਟਿਡੀ-
ਦਲ ਮਾਰਦੇ !!
ਢੇਰਾਂ ਦੇ ਢੇਰ !! ਓਹ ਤਲੇ ਪਏ ਲਗਦੇ !! ਮੋਈਆਂ
ਟਿੱਡੀਆਂ ਦੇ,



Digitized by Panjab Digital Library | www.panjabdigilib.org

ਓਏ ! ਤੈਨੂੰ ਮੈਨੂੰ ਪਤਾ ਕੀ,
ਗਗਨਾਂ ਵਾਲੇ ਦੇ ਛੁਪੇ ਲੁਕੇ ਪੰਛੀ ਆਂਦੇ, ਮਾਰ ਮੁਕਾਂਦੇ
ਕਰਮਾਂ ਨੂੰ,
ਮੈਂ ਤਾਂ ਸਦਾ ਸੁਣਦਾ ਸੋਹਣੀ ਕਰਮਾਂ ਦੀ ਕਾਟ ਨੂੰ, ਸੋਹਣੀ
ਟੁਕ, ਟੁਕ, ਹੋਂਦੀ ਜਦ,
ਓਏ ! ਮੌਤਾਂ ਦਾ ਮੀਂਹ ਕਿਹਾ ਪੈਂਦਾ, ਮੌਤਾਂ ਡਿਗਦੀਆਂ,
ਤ੍ਰਿਮ, ਤ੍ਰਿਮ, ਮੌਤਾਂ ਦਾ ਮੀਂਹ ਵੱਸਦਾ, ਤ੍ਰਿਮ,
ਤ੍ਰਿਮ, ਤ੍ਰਿਮ !

---

## ੩—ਕਰਤਾਰ ਦੀ ਕਰਤਾਰਤਾ

[ਜਗਤ ਸਾਰਾ ਚਿਤ੍ਰਸ਼ਾਲਾ, ਬੁੱਤ ਸ਼ਾਲਾ]

੧.

ਘੜਤਾਂ, ਬਨਤਾਂ, ਸ਼ਕਲਾਂ, ਘਾੜਾਂ,
ਚਿਤ੍ਰ, ਰੂਪ, ਰੰਗ, ਨੁਹਾਰਾਂ
ਅਨੇਕ ਸਾਈਂ ਘੜਦਾ,
ਘਾੜ ਦੀ ਆਵਾਜ਼ ਆਵੇ,
ਸਾਈਂ ਹਥੌੜਾ ਵੱਜਦਾ,
ਜਗਤ ਸਾਰਾ ਚਿਤ੍ਰਸ਼ਾਲਾ, ਬੁੱਤ ਸ਼ਾਲਾ ਰੱਬ ਦੀ,
ਇਹ ਕਰਤਾਰ ਦੀ ਕਰਤਾਰਤਾ !

.... .... ....
.... .... ....



Digitized by Panjab Digital Library | www.panjabdigilib.org

ਬੇਜਾਨ ਸਾਰੇ, ਬੁੱਤ ਸਾਰੇ, ਚਿਤ੍ਰ ਸਾਰੇ,
ਹੱਥ ਮਾਲਕ ਦਾ ਜਦ ਲਗਦਾ,
ਦੰਮ, ਜਾਨ ਭਰਦਾ, ਜਿੰਦ ਚਲਦੀ,
ਇਸ ਬੁੱਤਖਾਨੇ ਕਮਾਲ ਵਿੱਚ !

.... .... ....

.... .... ....

ਓਹਦੀ ਕੋਮਲਾਂ ਥੀਂ ਕੋਮਲ ਉਨਰੀ ਕਰਤਾਰਤਾ,
ਓਹਦੀ ਵਾਹੀ ਲਕੀਰਾਂ ਦਾ ਭੇਤ ਗੂੜ੍ਹਾ;
ਅਗੱਮ ਦੀ ਕਲਮ ਨਾਲ ਪਾਉਂਦਾ,
ਲਕੀਰਾਂ ਦੇ ਚੱਕਰਾਂ ਵਿੱਚ ਸਬ ਜਗ ਚਮਕਦਾ,
ਓਹਦੇ ਰੰਗਾਂ ਦੀਆਂ ਉਡਾਰੀਆਂ, ਫੁਲਕਾਰੀਆਂ ਸਾਰੀਆਂ
ਮਿਲਵੇਂ ਪ੍ਰਭਾਵਾਂ ਦਾ ਸਮੂਹ ਸਾਰਾ,
ਸਬ ਰੂਪ, ਰੰਗ ਰਾਗ ਹੈ ਕਰਤਾਰ ਦਾ,
ਉਦਾਸੀ, ਖੁਸ਼ੀ, ਚਾ, ਜੀਣ, ਮਰਣ,
ਥੀਂਣ, ਅਥੀਂਣ, ਪ੍ਰਕਾਸ਼ ਤੇ ਹਨੇਰਾ ਦੋਂਵੇ,
ਉਸ ਕਰਤਾਰ ਦੀ ਕਲਮ ਦੀ ਛੋਹ ਦੀ ਲਮਕ,
ਛੁਟਕ, ਝਿਜਕ, ਉੱਠਕ, ਵਗਕ, ਬੇਪ੍ਰਵਾਹੀ
ਜਿਹੀ, ਜਿਹੀ ਬੱਸ ਹੈ !!
ਇਹੋ ਕਰਤਾਰੀ ਛੋਹ ਜੀਣ ਜਗ ਦਾ ਸ੍ਵਾਸ ਹੈ !!
ਇਹ ਵੱਖਰੀ, ਵੱਖਰੀ ਨੋਹਾਰ,
ਇਹ ਸਬ ਨਾਨਾ-ਵਖਰਾਪਨ,
ਅਨੰਤ, ਅਮਰ, ਨਿੱਕਾ ਜਿਹਾ ਰੰਗ ਭਾਵੇਂ, ਨਾਨਾ,
ਨਾਨਾ ਜੀ ਹੈ !!



Digitized by Panjab Digital Library | www.panjabdigilib.org

ਠੀਕ! ਇਹ ਨਿੱਕੀ, ਨਿੱਕੀ ਅਨਹੋਂਦ ਜਿਹੀ, ਹੋਂਦ ਹੈ
ਦੰਮ ਭਰਦੀ ਰੱਬ ਵਾਲਾ, ਕੈਂਹਦੀ ਓਹਦੇ ਹੱਥ ਦੀ
ਛੋਹ ਦੀ ਸਾਰ ਹਾਂ! ਰਸ ਦੀ ਕਣੀ ਹਾਂ, ਮਰਜੀ
ਦੀ ਮੁਣੀ ਹਾਂ, ਓਹਦੇ ਹਥ ਦੀ ਬਣੀ ਹਾਂ,
ਹੁਣ ਅਬਣ ਨ ਸਕਦੀ!
ਜੁਗੋ ਜੁਗ ਚਮਕ ਮੇਰੀ, ਮੇਰੀ ਕਾਹਦੀ ਉਹਦੀ ਛੋਹ ਦੀ
ਕਰਮਾਤ ਸਾਰੀ, ਗਜਨ, ਗਗਨ ਚਮਕ ਸੀ,
ਕਲਮ ਅਗੱਮ ਦੀ ਲਿਖੀ ਲਿਖੀ ਰੇਖ ਮੈਂ, ਹੁਣ ਕੌਣ
ਮੇਟਸੀ, ਕਿਰਨ ਵਾਂਗੂੰ ਕੇਬਦੀ, ਵਾਹੀ ਵਾਂਗ ਤੀਰ ਮੈਂ,
ਗਾਈ ਹੋਈ ਸੁਰ ਹਾਂ ਰੰਗੀਲੀ ਸਰਕਾਰ ਦੀ, ਸਾਰਾ ਕਾਲ
ਗਾਉਂਦਾ, ਪਤੀ ਧਨੀ ਗਾਉਂਦੀ, ਨਾਮ ਕਰਤਾਰ
ਦਾ, ਸਿਮਰ, ਸਿਮਰ ਹੋਰ ਹੋਂਦੀ,
ਸਦਾ ਬਸੰਤ ਜਿਹੀ ਮੁੜ ਮੁੜ ਰੰਗਦੀ, ਰੰਗਾਂ ਦੀ ਖੇਡ ਮੈਂ,
ਮੁੜ ਮੁੜ ਠੰਢਦੀ, ਮੁੜ, ਮੁੜ ਤਪਦੀ, ਅੱਕਦੀ
ਨਾਂਹ, ਮੁੱਕਦੀ ਨਾਂਹ, ਥੱਕਦੀ ਨਾਂਹ, ਮੈਂ ਕਰਤਾਰ
ਦੀ ਕਰਤਾਰਤਾ!!
ਮੈਂ ਜਿੰਦ ਹਾਂ, ਨਿਰਜਿੰਦ ਹਾਂ, ਮਿੱਟੀ ਹਾਂ, ਪੱਥਰ ਹਾਂ,
ਦੁਧਵਰਗੀ ਚਾਂਨਣੀ, ਸੁਫਨਾਂ ਹਾਂ, ਕੀ ਜਾਣਾ?
ਓਹਦੇ ਓਨਰ ਦੀ ਪੂਰਣਤਾ,
ਹੱਥ ਕਰਤਾਰ ਦੀ ਛੋਹ ਦੀ ਏਕਤਾ,
ਮੇਂ ਦੀ ਅਨੇਕਤਾ, ਨਾਨਤਾ, ਸਬੂਤ ਮੇਰੀ ਮੈਂ ਹੈ!

.... .... ....

.... .... ....



Digitized by Panjab Digital Library | www.panjabdigilib.org

ਇਹ ਨਿੱਕਾ ਨਿੱਕਾ ਨੋਹਾਰਾਂ ਦਾ ਫਰਕ—
ਹੈਵਾਨਾਂ ਵਿਚ, ਇਨਸਾਨਾਂ ਵਿਚ, ਨਰਾਂ ਤੇ ਨਾਰੀਆਂ, ਜਲਾਂ ਵਿਚ, ਥਲਾਂ ਵਿਚ, ਹਰਜ਼ਾਵਲਾਂ, ਸੋਕਿਆਂ, ਤਾਰਿਆਂ ਤੇ ਫੁੱਲਾਂ ਵਿਚ, ਮਨੁੱਖਾਂ ਤੇ ਪੰਛੀਆਂ ਵਿਚ, ਜੜ੍ਹਾਂ ਚੇਤੰਨਾਂ ਵਿਚ, ਚਰਾਂ ਵਿਚ, ਅਚਰਾਂ ਵਿਚ, ਪ੍ਰਕਾਸ਼ਾਂ ਹਨੇਰਿਆਂ ਵਿਚ,
ਇਹ ਨਿੱਕੀ ਨਿੱਕੀ ਅਮੁੱਲ, ਨਾਨਾ ਅੰਮ੍ਰਿਤਤਾ,
ਇਹੋ ਤਾਂ ਕਰਤਾਰ ਦੀ ਕਰਤਾਰਤਾ ਦਾ, ਸੁਾਦਲਾ ਨਾਨਾ—ਵੰਨਪੰਨ ਹੈ,
ਇਹੋ ਤਾਂ ਰਸੀਆਂ ਦੀ ਆਸ ਭਾਰੀ, ਨਹੀਂ ਤਾਂ ਬਾਕੀ ਮਰਨ, ਮਰਨ ਹੈ,
ਇਹੋ ਤਾਂ ਰਸ ਦਾ ਜੀਣ ਬਾਬਾ, ਇਹੋ ਤਾਂ ਦਰਸ਼ਨ ਹੈ ।
ਬੂੰਦ ਬੂੰਦ ਲਟਕੀ ਹੈ, ਚਮਕੀ ਤਾਰ, ਤਾਰ ਨਾਲ, ਖੁਸ਼ੀਂਦੀ ਤਾਰ ਕਿਰਨ ਹਾਰ, ਬੂੰਦ, ਬੂੰਦ ਖੇਡਦੀ, ਇਹੋ ਤਾਰ ਬੰਨ੍ਹਦੀ ਸੁਦੈਵਤਾ ਨੂੰ ਛਿਨ, ਛਿਨ ਦੇ ਸੁਫਨੇ ਵਿਚ, ਸਦੈਵਤਾ ਖੇਡਦੀ !
ਇਹੋ ਤਾਰ ਪ੍ਰੋਂਦੀ ਕਰਤਾਰ ਦੀ ਜਿੰਦਤਾ ਨੂੰ, ਅਣਹੋਏ—ਅਣਹੈ—ਅਣਹੋਸੀ ਨਿਰਜਿੰਦ ਜਿਹੀ ਚੀਜ਼ ਨਾਲ, ਬਸ ਜਿੰਦਤਾ ਖੇਡਦੀ, ਵਾਹ! ਵਾਹ! ਸਾਈਂ ਕਰਦੇ—ਇਹ ਕਰਤਾਰ ਦੀ ਕਰਤਾਰਤਾ ॥



Digitized by Panjab Digital Library | www.panjabdigilib.org

# ੪—ਫਲਸਫ਼ਾ ਤੇ ਆਰਟ (ਹੁਨਰ)

੧.

ਫਲਸਫਾ ਜਿੰਨਾਂ ਆਰਟ ਰੂਪ ਹੈ,
ਉਹ ਕੁਛ ਇਂਵ ਹੈ, ਜਿਵੇਂ ਅਨਪੜ੍ਹ ਜ਼ਿਮੀਂਦਾਰ ਜ਼ਿਮੀਂ ਵਾਹੁੰਦਾ ਤੇ ਦਾਣੇ ਪਾਂਦਾ ਆਪਣੇ ਘਰ, ਬਿਨਾਂ ਜਾਣੇ ਗੱਲਾਂ ਬਾਹਲੀਆਂ,
ਆਪਮੁਹਾਰੀ ਉਤੂੰ ਜਿਨੀ ਲੋੜ ਹੁੰਦੀ, ਫਲਸਫਾ ਆਪ ਮੁਹਾਰਾ ਆਉਂਦਾ ਜਿਵੇਂ ਨਿੱਕੀ ਇਕ ਬੱਤੀ ਫੜੀ ਹੱਥ ਵਿੱਚ, ਲੰਮੀ ਹਨੇਰੀ ਜੰਗਲ—ਵਾਟ, ਤੁਰੀ ਜਾਂਦਿਆਂ ਜਾਂਦਿਆਂ, ਆਪ ਮੁਹਾਰੀ, ਨਪ, ਨਪ, ਕੱਟਦੀ !!
ਇਕ ਵੇਰ ਜੱਟ ਇਕ ਸੋਚਾਂ—ਵਹਣ ਪੈ ਗਿਆ,
ਹਲ ਛੱਡਿਆ, ਪੈਲੀਆਂ ਵਿੱਚ ਜਾਗ ਜਿਹੀ ਵਿੱਚ ਸੈਂ ਗਿਆ,
ਉਹ ਪੁੱਛਦਾ ਬੀਜ ਕੋਲੂੰ, ਬੀਜ ਕਿਉਂ ਉੱਗਦਾ?
ਮਿੱਟੀ ਵਿੱਚ ਕੀ ਹੈ? ਬੀਜ ਫੜ ਸੁੱਕਾ ਹਰਜਾਂਵਦੀ, ਜਿੱਥੇ ਕੁਝ ਨਹੀਂ ਸੀ, ਉਥੇ ਸਭ ਕੁਛ ਹੋਂਵਦਾ, ਜ਼ਮੀਨ ਵਿੱਚ ਕੌਣ ਛੁਪਿਆ, ਜੇਹੜਾ ਕਣਕ ਦੇ ਬੂਟੇ ਨੂੰ ਉੱਚਾ, ਉੱਚਾ ਕਰਦਾ, ਪੱਤਰ ਕੱਢ, ਕੱਢ, ਚਿਤ੍ਰ ਜੀਂਦਾ, ਜੀਂਦਾ ਖਿੱਚਦਾ,
ਕੀ ਇਹ ਉਹੀ ਬੀਜ ਹੈ?



Digitized by Panjab Digital Library | www.panjabdigilib.org

ਪਿਆ ਵਹਨ ਨਵਾਂ ਜੱਟਾਂ ਦਾ ਪੁੱਤ !

.... .... ....

.... .... ....

ਜੱਟ ਸਾਰੇ ਕੱਠੇ ਹੋ ਆਖਦੇ:–

ਓ ! ਆਲਾ ਸਿੰਘਾ !
ਕੀ ਹੋਯਾ ? ਕੂੰਦਾ ਨਹੀਂ ਤੂੰ ?
ਨਾਂਹ ਹਲ ਮਾਰਦਾ ?

ਦੂਜਾ ਜੱਟ–ਮਚਲਿਆ ! ਰੋਟੀ ਖਾਂਦਾ, ਲੱਸੀ ਪੀਂਦਾ
ਸਭ ਸਾਡੇ ਵਾਂਗ, ਪੈਲੀ ਵਿੱਚ ਲੇਟ
ਲੇਟ ਪਿਛਲੇ ਦਾਣੇ ਸਾਰੇ ਗੰਦੇ ਕਰਦਾ,
ਓਏ ! ਕਿਰਤ ਥੀਂ ਛੁੱਟ... !

ਤੀਜਾ–ਕੁਝ ਨਾ ਆਖੋ ਭਾਈ ! ਆਲਾ ਸਿੰਘ ਸਾਧ
ਹੋ ਗਿਆ ਜੇ !

ਚੌਥਾ–ਲੈ ! ਵੇਖਾਂ ਸਾਧ ਹੋ ਗਿਆ ਈ,
ਉੱਲੀ ਲੱਗੇ ਖੰਦੇ ਵੀ ਸਾਧ ਥੀਂਦੇ ?
ਆਲਾਸਿੰਘ ਆਲਸ ਦੀਉੱਲੀ ਦਾਮਾਰਿਆ,
ਸਚ ਜਾਣੀਂ ! ਸਾਧ ਤਾਂ ਤੇਜ਼ ਧਾਰ ਵਾਲੀ
ਤਲਵਾਰ ਹੁੰਦੇ, ਉਹ ਤਾਂ ਕੁਛ ਹੋਰ ਚੀਜ਼ !

ਪੰਜਵਾਂ–ਭਰਾ ਸਾਡੇ ਨੂੰ ਕੋਈ ਮਨ ਦਾ ਰੋਗ ਲਗਾਈ,
ਭਰਾਵਾ ਦੱਸ ਖਾਂ ! ਦਾਣੇ ਇਕ ਦੀ ਥਾਂ ਦੋ
ਕਿਵ ਲਗਣ, ਤੇ ਸੋਚ ਦਿਆਂ ਇਕ ਵੀ
ਗੁੰਵਾ ਲਿਆ ਹੀ ਭਰਾਵਾ ! ਇਸ ਸਾਲ
ਹੁਣ ਤੇਰੇ ਘਰ ਦਾਣੇ ਮੁਕੱਣੇ !

ਇਹੋ ਨਾਂਹ ਬਸ ਸੋਚਾਂ ਦਾ ਸਿੱਟਾ:–



Digitized by Panjab Digital Library | www.panjabdigilib.org

ਹਲ ਵਾਹੋ, ਰੂੜੀ ਪਾਓ, ਜਾਂ ਖਾਦ ਬਣੀ ਹਡੀ
ਪਾਓ, ਲਹੂ ਪਾਓ, ਪੈਲੀ ਵਾਹੋ, ਪਸੀਨੇ
ਆਪਣੇ ਦਾ ਬੀਜ ਪਾਓ, ਮੁੜ ਵਾਹੋ, ਬੀਜ
ਚੰਗਾ ਚੁਣੋ, ਮੁੜ ਚੁਣੋ, ਫਿਰ ਚੁਣੋ, ਇਹ
ਸਬ ਠੀਕ, ਇੰਨਾਂ ਤਾਂ ਅਸੀ ਵੀ ਸਮਝਦੇ।
ਪਰ ਸੋਚਾਂ ਕੀ ਸੰਵਾਰਦੀਆਂ।

ਫਲਾਸਫਰ ਬੋਲਿਆ:—

ਹੈਂ! ਕੀ ਸਾਰਾ ਸਾਲ ਹੀ ਲੰਘ ਗਿਆ,
ਮੈਂ ਤਾਂ ਹਾਲੇਂ ਇੱਥੇ ਅਪੜਿਆ ਕਿ ਖੇਤੀ ਕਰਨਾ
ਸਾਡੇ ਵੱਸ ਦੀ ਹੀ ਚੀਜ਼ ਨਾਂਹ,
ਹਲ ਕਾਹਨੂੰ ਮਾਰਨਾ! ਮੀਂਹ ਪਾਣਾ ਜੇ ਵੱਸ
ਨਾਂਹ, ਸਬ ਕੰਮ ਕਸੂਤਰ!
ਕੰਮ ਕਰਨਾ ਨਿਹਫਲ ਜਿਹਾ ਦਿੱਸਦਾ।

ਸਾਰੇ:— ਓਏ! ਆਲਾ ਸਿੰਘਾਂ!

ਬੱਸ! ਇਸ ਔੜਕਾਂ ਵਿਚ ਫਸਿਆ ਪਿਆ ਹੈਂ, ਅਸਾਂ
ਕਿਹਾ ਕੋਈ ਸੋਹਣੀ ਗਲ ਸੋਚਦਾ। ਕਮਲਿਆ!
ਚਲ, ਉੱਠ, ਹਲ ਜੋੜ, ਮੀਂਹ ਪੈਸੀ ਨ ਪੈਸੀ
ਸੋਚਦਾ। ਨਾਂਹ ਪਿਆ! ਅਸੀ ਧਰਤ ਪੱਟ ਤੇਰੀ
ਪੈਲੀ ਖੂਹ-ਪਾਣੀ ਦਿਆਂਗੇ, ਉਠ ਕਮਲਿਆ!
ਹੱਕ ਬਲਦ!

.... .... ....

.... .... ....

ਬੱਸ ਠੀਕ! ਇਹੋ ਜਦ ਆਰਟ (ਹੁਨਰ) ਦੀ ਕਿਰਤ



Digitized by Panjab Digital Library | www.panjabdigilib.org

ਥੀਂ, ਸੋਚ ਨਿਕਲ ਲਾਂਭੇ ਜਾਂਦੀ, ਫਲਸਫਾ
ਬਣਦੀ, ਇਹ ਫਲਸਫਾ—ਸੋਚ ਮਾਰਦੀ,
ਆਰਟ ਵੀ ਉਠ ਮਾਰਦਾ ਜਦ ਨਿਰੋਲ ਫਲਸਫਾ
ਬਨ ਆਉਂਦਾ,
ਅਤੀਚਿੰਤਨ ਫਲਸਫਾ ਹੈ ਜਿਵੇਂ ਜੱਟਾਂ ਬੁਝਿਆ, ਬੰਦੇ ਨੂੰ
ਉੱਲੀ ਲਾ ਮਾਰਦਾ,
ਆਦਮੀ ਕੁਛ ਮੁਸਿਆ, ਮੁਸਿਆ ਹੁੰਦਾ, ਬਦਬੂ ਆਉਂਦੀ।
ਧਰਮ ਮਜ਼੍ਹਬ ਸਾਰੇ ਆਰਟ ਹੋ ਅਰੰਭਦੇ,
ਮੁੜ ਹੌਲੇ ਹੌਲੇ ਫਲਸਫ਼ਾ ਬਣਦੇ, ਮਾਰਦੇ,
ਜੀਂਦੇ ਦਾ ਕੰਮ ਹੈ ਬਚਣਾ ਫਲਸਫੇ ਦੀ ਮਾਰ ਥੀਂ,
ਕਿਰਤੀ ਕਿਸੀ ਸੰਗ ਵਿਚ,
ਹਾਂ ਧਰਮ ਕਰਮ ਥੀਂ ਬਚਣਾ ਮਜ਼੍ਹਬ ਥੀਂ ਵੀ ਬਚਣਾ
ਜਿੱਥੇ ਰੱਬੀ ਆਵੇਸ਼ ਹੋਯਾ, ਆਣਾ ਬੰਦ ਹੈ ॥

.... .... ....
.... .... ....

੨.

ਫਲਸਫੇ ਥੀਂ ਮੈਂ ਅੱਕਯਾ,
ਤੇ ਫਲਸਫੇ ਦੀ ਨੀਂਹ ਤੇ ਰੱਖੇ ਜਿਹੜੇ ਧਰਮ ਤੇ ਮਜ਼੍ਹਬ
ਜਿਹੜੇ ਕਿਰਤੀ ਨਹੀਂ ਹਨ।
ਲੋਕੀ ਵੀ ਸਾਰੇ ਅੱਕੇ ਪਏ ਹਨ,
ਧਰਮ ਇਕ ਫਾਹੀ ਜਿਹੀ ਲੱਗੀ ਸਬ ਦੇ ਗਲੇ ਵਿਚ,
ਸ਼ਰਮ ਮਾਰੇ ਕੂੰਦੇ ਨਹੀਂ ਹਨ,



Digitized by Panjab Digital Library | www.panjabdigilib.org

ਘਰ ਛੱਡਦੇ, ਛੱਡੀ ਬੈਠੇ ਸੱਦੀਆਂ ਦੇ ਧਰਮ ਸਭ ਚੋਰੀ
ਚੋਰੀਆਂ !!
ਇਕ ਕੂੜ–ਵਹਮ ਵਿਚ ਫਸੇ ਨਿਕਲ ਨ ਸੱਕਦੇ,
ਸੱਚ ਇਨ੍ਹਾਂ ਪਾਸੂੰ ਕਦਾਈਂ ਦਾ ਉੱਡਿਆ,
ਜਿਵੇਂ ਮੈਂ ਬਤਾਲੀ ਸਾਲ ਬਾਹਦ ਵੀ ਨਾ–ਵਹਮ ਥੀਂ ਨ
ਨਿਕਲ ਸਕਦਾ,
ਕੋਈ ਬੁਲਾਏ ਮੈਨੂੰ ਕੰਨ ਵਾਂਗ ਘੋੜੀ ਘੋੜੇ ਦੇ ਖੜੇ ਕਰ
ਸੁਣਦਾ,
ਖੁਸ਼ ਹੁੰਦਾ, ਹਿਣਕਦਾ ਖੋੱਤਾ,
ਪਰ ਅਫਸੋਸ ਇੰਨਾਂ ਕਿ ਮੈਨੂੰ ਘੋੜੀ ਘੋੜੇ ਜਿੰਨੀ ਵੀ
ਅਕਲ ਨਹੀਂ ਆਈ ਹਾਲੀਂ ਤੱਕ,
ਓਹ ਤਾਂ ਬੋਲਦੇ ਜ ਮਾਲਕ ਸੀਟੀ ਮਾਰਦਾ,
ਓਹ ਹਿਨਹਿਨਾਂਦੇ ਜਦ ਸਾਈਂ ਕਦਾ ਦਿੱਸਦਾ,
ਤੇ ਮੈਂ ਹਾਲੀਂ ਖੋਤੇ ਦਾ ਖੋਤਾ, ਕੋਈ ਪਰਖ ਨਾਂਹ,
ਸਿੰਞਾਣ ਨਾਂਹ !!

.... .... ....

.... ....

ਫਲਸਫੇ ਦਾ ਕੰਮ ਹੈ ਠੱਗ ਲੈ ਜਾਣਾ,
ਰੱਬ ਦੇ ਬੁੱਤਖਾਨੇ ਥਾਂ ਕੱਢ ਕਿਸੀ ਗੁਫਾ ਜਿਹੀ
ਵਿਚ ਵਾੜਨਾ,
ਇਹ ਗੁਮਾਂਦਾ ਰਾਹ ਮੇਰੇ ਅਸਲੀ ਵਤਨ ਦਾ,
ਲੋਕੀ ਭੁੱਲੇ ਫਿਰ ਟੋਲਦੇ ਸੱਦੀਆਂ, ਰਾਹ ਨ ਲੱਭਦਾ,
ਪ੍ਰੀਤਮ ਦੇ ਦੇਸ ਦਾ,



Digitized by Panjab Digital Library | www.panjabdigilib.org

ਗੁਫਾ ਹਨੇਰੀ, ਵਿਚ ਘੁੱਮਣਘੇਰੀਆਂ, ਭੂਲ ਭਲੱਯਾਂ !!
ਮਾਰਾਂ ਰਾਹ ਦੀਆਂ ਖਾਂਦੇ,
ਭੁਨਾਂਦੇ ਸਿਰ, ਫਹ ਫਹ ਮਰਦੇ,
ਫਿਰ ਉੱਠਦੇ, ਫਿਰ ਮਾਰੇ ਜਾਂਦੇ,
ਰੰਗ ਇਹ ਫਲਸਫਾ !

.... .... ....

.... .... ....

ਖੁਲ੍ਹੇ ਮੈਦਾਨਾਂ ਦੇ ਲੋਕ ਹਨੇਰੀ ਕੋਠੜੀ ਪੈਂਦੇ,
ਉੱਥੇ ਭੂਤ ਵੱਸਦੇ,
ਉਨ੍ਹਾਂ ਦੀਆਂ ਗੁਲਾਮੀਆਂ ਕਰਦੇ,
ਪਾਣੀ ਢੋਂਦੇ, ਲੱਕੜਾਂ ਕੱਟਦੇ,
ਕੋਟੜੇ ਖਾਂਦੇ, ਕੁਝ ਬਣ ਨ ਪੈਂਦਾ,
ਰਾਹ ਨਹੀਂ ਦਿੱਸਦਾ ਬਾਹਰ ਆਣ ਨੂੰ,
ਮੁੜ ਮੁੜ 'ਰੱਬ' 'ਰੱਬ' ਕਰਦੇ, ਮਤੇ ਕੁਛ ਬਣੇ,
ਪਰ ਅਸਰ ਕੋਈ ਨਹੀਂ,
ਸੁਆਦ ਨਹੀਂ ਆਉਂਦਾ, ਰਸ ਨਹੀਂ ਆਉਂਦਾ ਇੰਨਾਂ ਵੀ ਜਿਨਾਂ ਦੋ ਪੈਸੇ ਦੀ ਅਫੀਮ ਵਿਚ, ਇਕ ਪਿਆਲੇ ਸ਼ਰਾਬ ਵਿਚ,
'ਰੱਬ' 'ਰੱਬ' ਕਰਦੇ ਬੇ ਰਸਾ, ਬਾਹੁੜੀ ਕਿੱਧਰੋਂ ਕੋਈ ਨਾਂਹ,
ਆਖਰ ਖੱਪ, ਖੱਪ ਰਬ ਥੀਂ ਮੁਨੱਕਰਦੇ,
ਇਹੋ ਨਾਂਹ ਖੇਡ ਧਰਮ ਥੀਂ ਅਧਰਮ ਹੋਣ ਦੀ,
ਬਿਨਾਂ ਰਸ ਦੇ ਜੋਗ ਥੀਂ ਭੋਗ ਚੰਗਾ ਲੱਗਦਾ,



Digitized by Panjab Digital Library | www.panjabdigilib.org

ਮੁੜ ਮੁੜ ਪਿਆਲੇ ਪੀ, ਪੀ, ਜਨਾਨੀਆਂ ਦੇ ਗਲੇ
ਲੱਗਦੇ, ਮੋਏ ਹੋਏ ਮੋਈਆਂ ਨੂੰ ਮਾਰਦੇ, ਕੀੜੇ
ਕਤੂਰੇ ਵਧਦੇ, ਹੋਰ ਹੋਂਦੇ ਵਧ੍ਹ, ਗੁਲਾਮੀ ਕਰਨ ਨੂੰ
ਭੂਤਾਂ ਦੀ, ਕਿਰਤਥੀਂ ਛੁੱਟੜ ਲੋਕੀ, ਮਾਰੇ ਫਲਸਫੇ
ਠੱਗ ਨੇ ॥

.... .... ....

.... .... ....

ਪਰ ਟੁਰੀ ਜਾਂਦੇ ਲੋਕੀ ਪਏ ਉਸੀ ਅੰਨੀ ਹਨੇਰੀਆਂ।
ਹਿੰਮਤ ਕਰਨ ਓਹ ਵੀ ਓਸ ਵਿਚ, ਵਿਅਰਥ ਸਾਰੀ
ਹਿੰਮਤ,
ਬਾਹਰ ਆਣੇ ਕੌਣ, ਸਾਰੇ ਅਫੀਮ ਦੀ,
ਤੇ ਕੋਟੜੇ ਪੈਂਦੇ ਨੰਗਪਿੰਡਿਆਂ ਤੇ ਉਸ ਹਨੇਰੇ ਦੇ ਭੂਤਾਂ ਦੇ
ਕਰਤਾਰ ਨੂੰ ਭੁੱਲਕੇ, ਓਹਦੇ ਬੁੱਤਸ਼ਾਲਾ, ਚਿਤ੍ਰਸ਼ਾਲ
ਥੀਂ ਨਿਕਲ, ਮਨ ਦੀ ਕੋਠੜੀ ਹਨੇਰੀ ਵਿੱਚ
ਕੈਦ ਹੋ "ਮੈਂ" "ਮੈਂ" ਦੀ ਕਾਲੀ ਰਾਤ
ਵਿਚ ਰੈਂਹਦੇ,
ਕਦਮ ਸਬ, ਬੱਸ, ਉਲਟ ਪੈਂਦੇ, ਧਿਆਨ ਸਾਰਾ
ਉਲਟਾ, ਜੋਗ, ਉਲਟਾ ਪੈਂਦਾ, ਭੋਗਵੀ ਪੁੱਠਾ
ਹੋ ਮਾਰਦਾ, ਧਰਮ ਖਾਣ ਨੂੰ ਆਉਂਦਾ, ਰੱਬ
ਵੈਰੀ ਦਿੱਸਦਾ;
ਜੀਣਾ ਮਰਨ ਥੀਂ ਵਧ ਦੁਖਦਾਈ,
ਮਰਨ ਨਸੀਬ ਨਹੀਂ ਹੋਂਵਦਾ,
ਮੁੜ ਮੁੜ ਡਿਗਦੇ ਮਨ-ਘੜਤ ਫਲੱਸਫੇ ਵਿਚ, ਉਲਟੀ



Digitized by Panjab Digital Library | www.panjabdigilib.org

ਸਭ ਸ੍ਰਿਸ਼ਟੀ ਦਿੱਸਦੀ,
ਜੀਵਨ ਸਾਰਾ ਇਨ੍ਹਾਂ ਮਨ ਦੇ ਜੂਏ ਵਿੱਚ ਹਾਰ ਹੱਥ
ਝਾੜਿਆ !!
ਜਵਾਰੀਏ, ਚੋਰ ਸਾਰੇ, ਹਾਰ, ਹਾਰ ਮਰਦੇ !!

.... .... ....

.... .... ....

ਗੀਤਾ ਪੜ੍ਹਨ, ਕੁਰਾਨ ਪੜ੍ਹਨ,
ਉਪਨਿਖਦ ਪੜ੍ਹਨ, ਪੁਰਾਨ ਸਾਰੇ,
ਹਨੇਰੇ ਵਿਚ, ਰੱਬ ਥੀਂ ਭੁੱਲਿਆਂ,
ਇਸ ਕਾਈ ਭੂਤ-'ਮੈਂ'ਨੂੰ ਪਾਲਦੇ
ਕੀੜੇ ਵਧਦੇ, ਕਤੂਰੇ,

.... .... ....

.... .... ....

ਪਿਆਰ ਨਾਲ ਨਿਓਂ ਸਾਰਾ ਟੁਟੀਦਾ,
ਸੁਹਣੱਪ ਨੈਣਾਂ ਵਿਚ ਨਹੀਂ ਰੰਹਦੀ
ਕਰਤਾਰ ਦੀ ਛੋਹ ਜੇਹੜੀ ਕੋਈ ਵਿਚ ਓਹ ਪਥਰੇਂਦੀ,
ਹਾਂ ਮੈਂ ਕਹਾਂਗਾ, ਕਰਤਾਰ ਦੀ ਕਣੀ ਅੰਵ੍ਹਾਈ,
ਵਿਅਰਥ ਗੁੰਮਦੀ,
ਦਿਲ ਖਾਲੀ ਸੱਖਣਾ ਸਖਣੇਪਨ ਕਾਲੇ ਦਾ ਧਿਆਨ,
ਆਕਾਸ਼ ਦੀਆਂ ਬ੍ਰਿਤੀਆਂ ਫਲਸਫਾ ਸਿਖਾਂਦਾ,
ਮਨ ਵਿਚ ਕੈਦ ਲੋਕੀ,
ਮਨ-ਘੜਿਤ ਗੱਲਾਂ ਕਦ ਜਗਾ ਸੱਕਣ,
ਹੋਰ ਮਾਰਦੀਆਂ, ਹੋਰ ਢਾਂਹਦੀਆਂ,



Digitized by Panjab Digital Library | www.panjabdigilib.org

ਮਨ ਦੀਆਂ ਚੰਚਲਤਾਈਆਂ ਤੇ ਕੈਦੀ ਸਭ ਖੁਸ਼ ਹੁੰਦੇ,
ਸਮਝਣ ਹਨੇਰੇ ਦੀਆਂਦੀਵਾਰਾਂ ਟੁੱਟੀਆਂ,
ਓਹ ਹੋਰ ਹਨੇਰ ਪਾਉਂਦੀਆਂ ॥

.... .... ....

.... .... ....

੩.

ਇਉਂ ਆਖਰ ਫਿਲਸਫਾ ਕੌਮਾਂ ਦੀ ਮੌਤ ਹੈ,
ਸਦੀਆਂ ਲੰਮੀ ਰਾਤ ਪਾਉਂਦਾ,
ਸਾਰਾ ਧਰਮ ਕਰਮ ਮਾਰਦਾ ॥
ਧੰਨਜ ਸਾਰੇ ਪਾਪ ਇਨ੍ਹਾਂ ਦੇ
ਪਾਪ ਘੋਰ ਪਾਪ ਹੋਂਵਦੇ,
ਮੌਤ ਹੋਰ ਕੀ ਹੈ ?
ਦੁਖ ਇਹ ਮੌਤ ਤੇ ਹੈ !
ਕੌਮਾਂ ਮਰ ਮੋਈਆਂ,
ਸੁਆਸ ਸਾਰੇ ਬੇਸੁਆਦ ਜਿਹੇ,
ਦੁਖੀ ਜਿਹੇ, ਫਿੱਕੇ ਜਿਹੇ ਪੈਣਾ, ਮਰਨ ਬੱਸ ਇਹ ਹੈ
ਮੇਰਾ, ਤੇਰਾ,
ਹੋਰ ਮੌਤ ਕੋਈ ਨਾਂਹ;
ਮੋਇਆਂ ਮਨਾਂ ਨੇ ਇਨ੍ਹਾਂ ਮੁਰਦਿਆਂ ਨੂੰ ਕੀ ਜਿਵਾਵਣਾ !

.... .... ....

.... .... ....

ਓਹੋ ਧਰਮ ਬੁਧ ਜੀ ਦੀ ਅੱਖ ਥੀਂ ਆਯਾ ਬਚਾਉਂਦਾ,
ਓਹੋ ਮਨਾਂ ਥੀਂ ਆਯਾ ਮਾਰਦਾ,



Digitized by Panjab Digital Library | www.panjabdigilib.org

ਓਹੋ ਸਾਈਂ ਦੀ ਅੱਖ ਥੀਂ ਮੁਰਦੇ ਜਿਵਾਂਵਦਾ,
ਓਹੋ ਮਨ ਥੀਂ ਨਿਕਲਿਆ ਕਾਲ-ਸੱਟ ਮਾਰਦਾ.

.... .... ....

.... .... ....

## ੪.

ਪਾਰਸ ਸੀ ਭਰਾ ਰਾਜਪੂਤ ਇਕ ਰਾਜੇ ਪਾਸ,
ਪ੍ਰਿਥੀਰਾਜ ਓਨੂੰ ਸੱਦਦਾ, ਆਖਦਾ, ਪਾਰਸ ਦਿਹ ਮੈਨੂੰ
ਲੋੜ ਹੈ !!
ਰਾਜੇ ਕੱਢ ਪਾਰਸ ਦਿਖਾਲਿਆ,
ਸਾਦਾ ਜਿਹਾ ਪੱਥਰ ਸੀ,
ਪ੍ਰਿਥੀਰਾਜ ਦੀ ਤਲਵਾਰ ਨੂੰ ਸੰਜੇ ਹੱਥ ਲੈ ਪਾਰਸ
ਛੁਹਾਯਾ,
ਸੋਨੇ ਦੀ ਹੋਈ, ਸਾਰੀ ਚਮਕੀ;
ਪ੍ਰਿਥੀਰਾਜ ਖੁਸ਼ ਹੋ ਮੰਗਦਾ,
ਪਾਰਸ ਦਾ ਮਾਲਕ ਦਿੰਦਾ ਪਾਰਸ;
ਪਰ ਪਾਰਸ ਪ੍ਰਿਥੀਰਾਜ ਦੇ ਹੱਥ ਓਹ ਕੰਮ ਨਾਂਹ ਕਰਦਾ;
ਕੋਈ ਲੋਹੇ ਆਂਦੇ, ਲੋਹੇ ਦੇ ਲੋਹੇ, ਪਾਰਸ ਪੱਥਰ ਦਾ
ਪੱਥਰ,
ਪ੍ਰਿਥੀਰਾਜ ਘੂਰਦਾ, ਇਹ ਪਾਰਸ ਨਾਂਹ,
ਰਾਜੇ ਹਥ-ਨਾਟਕ ਕੋਈ ਕੀਤਾ;
ਮੁੜ ਪਾਰਸ ਮਾਲਕ ਹੱਥ ਸਿਵਾਣ ਕੇ ਮੰਨਦਾ,
ਮੁੜ ਸਾਰੇ ਲੋਹੇ ਹੋ ਸੀ ਪੱਥਰ ਦੀ ਛੋਹ ਨਾਲ ਸੋਨਾਂ ਹੁੰਦੇ,



Digitized by Panjab Digital Library | www.panjabdigilib.org

ਮੁੜ ਪ੍ਰਿਥੀਰਾਜ ਪਾਰਸ ਲੈਂਦੇ,
ਪਾਰਸ ਮੁੜ ਰੁੱਸਦਾ,

.... .... ....

.... .... ....

ਜੋ ਗਲ ਪ੍ਰਿਥੀਰਾਜ ਸੀ ਨਹੀਂ ਸਮਝਿਆ, ਓਹ ਅਸੀਂ
ਸਦੀਆਂ ਲੰਮੀਆਂ ਨ ਸਮਝਦੇ,
ਪਰ ਓਨਰ-ਕਮਾਲ ਦਾ, ਆਰਟ ਰਬ ਦਾ ਭੇਤ ਇਹ,
ਪਾਰਸ ਦਾ ਕਮਾਲ ਤਾਂ ਰਬ ਦੇ ਹਥ ਦੀ ਛੋਹ ਹੈ,
ਮਨ ਮਨੁੱਖ ਦਾ ਪਾਰਸ ਠੀਕ ਹੈ,
ਪਰ ਬਿਨਾ ਉਸ ਹਥ-ਛੋਹ ਦੇ ਪੱਥਰ ਦਾ ਪੱਥਰ,
ਇਹ 'ਮੈਂ' ਦਾ ਭੇਤ ਹੈ,
ਓਹ ਨਹੀਂ ਜੋ ਉਪਨਿਖਦ ਦਸਦਾ,
ਤੇ ਉਪਨਿਖਦ ਬ੍ਰਹਮ 'ਮੈਂ' ਫਿਲਸਫੇ ਦੀ
ਝਾਤ ਨਾਲ ਹੋਰ ਕੂਕਦੇ,
ਪਾਰਸ ਦੀ 'ਮੈਂ' ਬੋਲਦੀ ਨਾਂਹ,
ਰੁਸਦੀ, ਮਨੀਂਦੀ, ਪਰ ਚੁਪ
ਆਖੇ ਕੁਛ ਨਾਂਹ, ਹੋਈ ਜੂ
ਕੁਛ ਨਾਂਹ,
ਗੀਤਾ ਦੀ ਮੈਂ ਵੀ ਬੋਲਦੀ,
ਬੁਧ ਦੇ ਬੁਤ ਦੀ ਮੈਂ ਨਾਂਹ ਬੋਲਦੀ,
'ਸ਼ਬਦ ਮੈਂ' ਗੁਰੂ ਗ੍ਰੰਥ ਦੀ ਚੁਪ ਹੈ,
ਇਹੋ ਕੋਮਲ ਓਨਰਾਂ ਦੇ ਕਮਾਲ ਦੀ ਨਜ਼ਾਕਤ,
ਇਹੋ ਅਦਾ ਹੈ ਪਿਆਰ ਦੀ,



Digitized by Panjab Digital Library | www.panjabdigilib.org

ਇੱਥੇ ਮਨ ਮਰ ਗਿਆ ਹੈ, ਪਾਰਸ ਦੀ ਮੈਂ ਵਿਚ,

.... .... ....

.... .... ....

ਬੱਸ,ਇੰਨਾਂ ਨਿੱਕਾ ਜਿਹਾ ਭੇਤ ਹੈ
ਫਲਸਫੇ ਤੇ ਆਰਟ, ਮਨ ਦੀ ਹਨੇਰੀ ਮੈਂ, ਤੇ ਕਿਰਤੀ
ਮੈਂ ਵਿਚ,
ਆਰਟ–ਕਿਰਤ ਦੀ ਟੋਹ ਜਾਣਦੀ,
ਪਾਰਸ ਕਰਤਾਰ ਹੱਥ ਦੀ ਛੋਹ ਸਵਾਂਣਦਾ, ਇਹ
ਸਰਵੱਗਜਤਾ ਆਰਟ (ਉਨਰ) ਦੀ,
ਬੁੱਤ ਵਿਚ, ਚਿਤ੍ਰ ਵਿਚ,
ਰੰਗ ਕਿਸੀ ਵਿਚ ਬੈਠੀ,ਸੁਤੀ, ਜੀਂਦੀ, ਜਾਗਦੀ,
ਹਿਲਦੀ ਪ੍ਰੀਤਮ ਦੀ ਬੱਸ ਯਾਦ ਤਾਰ ਹੈ !
ਉਸ ਕਰਤਾਰ ਦੀ ਛੋਹ ਦਾ ਸੁਆਦ ਹੈ,
ਪਾਰਸ ਰੱਬ ਦੀ ਕਰਾਮਾਤ ਹੈ,
ਇਉਂ ਸਦਾ ਆਇਆ ਸਦੈਵ ਲਈ,
ਇਕ ਰੰਗ–ਰਸ, ਸੁਆਦ–ਸੁਖ,
ਇਹ ਸਦੈਵ ਦਾ ਜੀਣ ਹੈ,
ਆਵੇਸ਼ ਹੈ ਰੱਬੀ, ਗੁਪਤ,
ਬੱਸ ਚੀਜ਼ ਹੈ, ਅਨੇਮੀ,
ਨੇਮ ਸਾਰੇ ਡੁੱਬਦੇ ॥
ਬੱਸ,ਪਿਆਰ ਹੀ ਪਿਆਰ ਇਕ ਪੂਰਾ ਸੱਚ ਹੈ,
ਠੀਕ ਹੈ ! ਸਭ ਪੀਰ ਪੈਗੰਬਰ, ਔਲੀਏ,
ਇਕ ਸਾਦੀ ਪਾਰਸ–ਗਲ ਸਨ ਭੁੱਲੇ,



Digitized by Panjab Digital Library | www.panjabdigilib.org

ਉਨ੍ਹਾਂ ਦੀਆਂ ਉੱਮਤਾਂ ਰੁੱਲੀਆਂ;
ਡੰਕੇ ਦੀ ਚੋਟ ਵੱਜੀ,
ਦਮਾਮੇਂ ਦੀ ਸੱਟ ਅਨੰਦਪੁਰੇ ਗੂੰਜਦੀ,
ਗੁਰੂ ਗੋਬਿੰਦ ਸਿੰਘ ਬਚਿੱਤ੍ਰ ਨਾਟਕ ਲਿਖਦੇ,
ਦਰਸਾਉਂਦੇ ਸੱਚ, ਦਰਸ਼ਨ ਕਰਾਉਂਦੇ:-

ਕੂੜ ਕ੍ਰਿਆ ਉਰਝਿਓ ਸਭਹੀ ਜਗ
ਸ੍ਰੀ ਭਗਵਾਨ ਕੋ ਭੇਦ ਨ ਪਾਇਓ,
"ਸਾਚ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ
ਤਿਨਹੀ ਪ੍ਰਭ ਪਾਇਓ"

ਬਾਜਾਂ ਵਾਲੇ ਆਖਦੇ-
ਇੰਨਾਂ ਰਾਹ-ਭੁੱਲਿਆਂ, ਰੱਬ ਭੁੱਲਿਆਂ
ਮਨਾਂ ਦੇ ਧਰਮ, ਕਰਮ ਸਬ ਫੋਕਟ, ਵੰਗ ਸਾਰੇ
ਮਸੰਦਾਂ ਦੇ, ਸਬ ਇਹ ਦੁਖ, ਮੌਤ-ਸੰਪਦਾ ਜੋ
ਮੇਰੇ ਸਿਖੋ!
"ਬਿਨ ਕਰਤਾਰ ਨ ਕਿਰਤਮ ਮਾਨੋ"-
ਇਹ ਮੋਏ 'ਕਿਰਤਮ ਸੱਚ' ਪਛਾਣਦੇ;
ਫਰਮਾਉਂਦੇ-
'ਸ਼ਬਦ-ਅਵਤਾਰ' ਗੁਰੂ ਗ੍ਰੰਥ ਮੈਂ ਹਾਂ,
'ਰੱਬਦੀ ਯਾਦ' ਬੱਸ ਮਾਂ ਮੇਰਾ,
ਯਾਦ ਕਰੋ, ਗੁਰੂ ਤੁਸਾਂ ਵਿਚ ਹੈ,
ਕਰਤਾਰ ਦੀ ਕਰਤਾਰਤਾ ਦੀ ਛੋਹ ਦਾ ਰਸ-ਰੁਖ
ਯਾਦ ਹੈ,
ਰਸ ਨਾਮ ਦਾ ਖੁਨਕ-ਪਿਆਰ, ਬੱਸ ਇਹੋ ਜੀਣ, ਇਹੋ



Digitized by Panjab Digital Library | www.panjabdigilib.org

ਸੁਖ, ਇਹੋ ਸੱਚ ਹੈ !!
ਹੋਰ ਕੋਈ ਨਾਮ ਨਾਂਹ, ਬੱਸ ਇਕ ਇਹ ਨਾਮ ਹੈ,
ਇਹੋ ਕਰਤਾਰ ਹੈ, ਅਕਾਲ ਹੈ,
ਅਕਾਲ ਉਸਤਤ ਇਕ ਨਿਰੋਲ ਸੱਚ ਹੈ,
ਹੋਰ ਏਕਤਾ ਨਾਂਹ ਕੋਈ,
ਨਾਨਤਾ ਤੇ ਰੰਗ ਵਿਚ ਇਕਨਾਮ ਨਾਨਾ-ਏਕਤਾ ਹੈ,
ਸਤਿਨਾਮ ਉਹਨੂੰ ਗੁਰੂ—ਅਵਤਾਰ ਆਖਦਾ,
ਏਕਾ ਪਹਲਾ ਲਾਉਂਦਾ ਇਕ ਹੈ,
ਪਰ ਗੁਰੂ ਗ੍ਰੰਥ ਸਾਰਾ ਇਸ ਇਕ ਰੰਗ ਦੀ ਨਾਨਤਾ,
ਪਿਆਰ ਵੇਖ, ਪਿਆਰ ਪੀ, ਪਿਆਰ ਛੋਹ,
ਪਿਆਰ ਨੂੰ ਮਿਲ, ਪਿਆਰ ਭੋਗ, ਪਿਆਰ ਜੋਗ,
ਪਿਆਰ ਗੀਤ, ਪਿਆਰ ਨ੍ਰਿਤ, ਪਿਆਰ
-ਰਸ, ਬਸ ਪਿਆਰਾਂ ਦੀ ਨਾਨਤਾ !!

.... .... ....

.... .... ....

੫.

ਅਣਘੜੇ ਪੱਥਰ ਵਿਚੂੰ ਕਿਰਨ ਖਾ,
ਪਰੀ ਰੰਗਾਂ ਵਾਲੀ ਬੁਤ ਬਣ ਨਿਕਲੀ,
ਇਹੋ ਦੇਵੀ, ਦੇਵਤਾ, ਕਰਦੀ 'ਤੂੰਹੀ' 'ਤੂੰਹੀ',
ਸਾਈਂ, ਸਾਈਂ ਕਰਦੀ, ਉੱਡਦੀ,
ਵਖਰੀ ਨੁਹਾਰ, ਕਰਤਾਰ ਦੀ ਨਵੀਂ ਛੋਹ,
ਇਹੋ ਸਦੈਵ ਦਾ ਸੁਖ ਜਿਹਨੂੰ ਸਾਈਂ ਕੂਕਦਾ,

.... .... ....



Digitized by Panjab Digital Library | www.panjabdigilib.org

# ੫—ਪਾਰਸ ਮੈਂ

੧.

ਪੰਜਾਬ ਵਿਚ ਜੰਮਣਾ ਅਮੁਲ ਜਿਹੀ ਚੀਜ਼ ਹੈ,
ਇੱਥੇ ਕਲਗੀਆਂ ਵਾਲੇ ਦੇ 'ਤੀਰ ਸ਼ਬਦ' ਚਮਕਦੇ,
ਇੱਥੇ 'ਨਿਹਾਲੀ ਨਦਰਾਂ' ਦਾ ਓਹੋ ਪ੍ਰਕਾਸ਼ ਹੈ,
ਨਦਰਾਂ ਦੱਸਦੀਆਂ ਨੈਣਾਂ ਵਿਚ ਖੂਬ, ਖੁਬਕੇ,
ਸੁਖ ਕੀ, ਜੀਵਨ ਕੀ, ਸ੍ਵੈਤੰਤ੍ਰਤਾ ਕੀ ਹੈ ?
ਧਾਰਮਿਕ ਮੈਂ ਦਾ ਸੋਹਣਾ ਕਮਾਲ ਹੈ !
—"ਰਬ ਦੀ ਯਾਦ" ਤੇਰਾ ਨਾਮ ਹੈ,
"ਰਬ ਦੀ ਯਾਦ" ਬੱਸ ਪਿਆਰ ਹੈ,
"ਰਬ ਦੀ ਯਾਦ" ਪ੍ਰਾਣਾਂ ਦਾ ਪ੍ਰਾਣ ਹੈ,
"ਰਬ ਦੀ ਯਾਦ" ਸ੍ਵੈਤੰਤ੍ਰਤਾ ਹੈ,
"ਰਬ ਦੀ ਯਾਦ" ਕਰਤਾਰ ਹੈ,
ਇਹ 'ਪਾਰਸ—ਮੈਂ' ਸਭ ਜਗ—ਪ੍ਰਕਾਸ਼ ਹੈ,
ਸਤਿਗੁਰਾਂ, ਸਾਹਿਬਾਂ, ਸਾਂਈਆਂ, ਸਰਕਾਰਾਂ,
ਇਸ ਪਾਰਸ—ਮੈਂ ਦੀ ਕਿਰਤ ਸਿਖਾਈ,
ਮਨ-ਘੜਿਤ ਨਹੀਂ ਕੋਈ ਚੀਜ਼ ਇਹ,
ਸਦੀਆਂ ਦੀ ਕਠਨ ਮਿਹਰ—ਕਮਾਈ ਹੈ,
ਹੋਰ ਮੈਂ "ਕੁਛ ਨਹੀਂ", ਠੀਕ,
ਹੋਰ ਮੈਂ ਸਦਾ "ਹੈ ਨਹੀਂ", ਠੀਕ,
ਪਰ 'ਪਾਰਸ—ਮੈਂ' ਨੇ ਇਸ 'ਨਹੀਂ' ਵਿਚ,



Digitized by Panjab Digital Library | www.panjabdigilib.org

"ਸਬ ਕੁਛ" ਤੇ "ਸਦਾ ਹੈ" ਜੋਤ ਜਿਹੀ, ਰੱਖੀ, ਇਕ ਜੀ
ਜਿਹਾ ਬਾਲਿਆ,
ਇਹ ਪ੍ਰਾਰਸਿਕ ਮੈਂ, ਦਿੱਸਣ ਪਿੱਸਣ ਵਿਚ
ਦੂਜੇ ਪੱਥਰਾਂ ਵਾਂਗ ਨਿੱਕਾ ਜਿਹਾ ਪੱਥਰ, ਪਰ
ਸਮੁੰਦਰਾਂ ਦੇ ਸਮੁੰਦਰ ਇਸ ਕਤਰੇ ਵਿਚ ਕੰਬਦੇ !!
ਇਹ ਮੈਂ ਇੰਞ ਤੇ ਉਂਞ, ਆਪੇ ਵਿਚ ਕੁਛ ਨਾਂਹ, ਮਿੱਟੀ,
ਰੱਬ ਵਿਚ, ਕਰਤਾਰ ਦੀ ਛੋਹ ਨਾਲ, ਮਿਹਰ ਦੀ
ਬਰਕਤ ਪਾ, ਅਨੰਤ ਹੈ, ਜੀ ਹੈ, ਜਾਨ ਹੈ,
ਸਦੈਵਤਾ,
ਇਹ ਮੈਂ ਇਉਂ ਇਕ 'ਕ੍ਰਾਵਯ ਅਲੰਕਾਰ' ਹੈ,
ਇਹ ਮੈਂ ਚੁਪ ਹੈ, ਪਰ ਬੋਲਦੀ, ਕੂਕਦੀ, ਗਰਜਦੀ
ਵਾਂਗ ਲੱਖਾਂ ਕੜ੍ਹਕਦਿਆਂ ਬੱਦਲਾਂ, ਇਹ ਸਮੂਹ
ਹੇ ਬਿਜਲੀਆਂ ਅਨੇਕਾਂ ਦੇ ਸੁਹਣੱਪਾਂ ਦਾ,
ਲਿਸ਼ਕਾਂ ਇਲਾਹੀ ! ਅਨੇਕਾਂ ਜਵਾਨੀਆਂ ਦੀ
ਰਿਸ਼ਮੀਆਂ ਦਾ ਸੂਰਜ ਚਮਕਦਾ !!
ਇਹ ਮੈਂ ਹਿਲਦੀ ਨਹੀਂ, ਪਰ ਹਿਲਾਂਦੀ, ਹਿਲੂੰਦੀ,
ਜਗਤ ਸਾਰਾ,
ਕੰਬਦੀ, ਕੰਬਾਂਦੀ ਪੁਲਾੜਦੀ ਨੀਂਹੀਆਂ ਨੂੰ,
ਇਹ ਮੈਂ ਜੜ ਹੈ, ਪਰ ਚੈਤੱਨਜ ਮਜ ਦਾ ਇਸ ਵਿਚ,
ਜਿਉਂ ਬਰਫਾਂਦੀ ਚਿਟਿਆਈ ਵਿਚ ਰੂਪ ਭੁਬਕਦਾ,
ਵਾਂਗ ਬੁਦਬਦੇ ਖਿਨ ਭੰਗਰ ਹੈ,
ਪਰ ਅਮੱਰ ਇਹੋ ਜਿਹੀ ਹੋਰ ਕੋਈ ਵਸਤ ਨਹੀਂ,
ਮੌਤ ਤੇ ਜੀਵਨ ਦੀਆਂ ਘਾਟੀਆਂ, ਵਾਦੀਆਂ, ਸ਼ੂਕਦੀ



Digitized by Panjab Digital Library | www.panjabdigilib.org

ਲੰਘਦੀ ਸਹਜ ਸੁਭਾ ਵਾਂਗ ਹਵਾ ਦੇ, ਵਗਦੀ ਜਲ
ਵਾਂਗੂੰ ਠਾਠਾਂ ਮਾਰਦੀ ਮੌਤੇ ਦੇ ਇਧਰ ਉਧਰ,
ਚਾਰ ਚੁਫੇਰੀਆਂ, ਮੁੜਦੀ ਧੁੱਪ, ਛਾਂ ਕਰਦੀ,
ਜੀਣ ਮਰਨ ਨੂੰ, ਸਦਾ-ਉਡਾਰੂ ਜਿਹੀ, ਲੋਪ,
ਲੋਪ ਹੁੰਦੀ,
ਝਿਲਮਿਲਾ ਸੰਸਾਰ ਇਹਦਾ ਕੱਪੜਾ,
ਸਭ ਦਿੱਸਣ ਪਿੱਸਣ ਇਹਦਾ ਗਹਣਾ,
ਬੱਸ! ਇਹ ਨਿੱਕਾ ਜਿਹਾ ਜਾਦੂ ਰੰਗ ਕਰਤਾਰ ਦਾ,

.... .... ....

.... .... ....

੨.

ਠੀਕ, ਘੁਮਾਰ ਆਪਣੇ ਭਾਂਡਿਆਂ ਵਿਚ ਵੱਸਦਾ,
ਰੀਝ ਜਿਹੀ ਵਿੱਚ ਆਕੇ, ਬੁੱਤ ਬਣਾਇਆ
ਤੇ ਆਪ ਮੋਹਿਤ ਹੋ ਉਨ੍ਹਾਂ ਵਿਚ ਵੱਸਦਾ,
ਹੇਠ ਤੱਕੀਂ ਨੀ ਲਾਲ, ਲਾਲ ਮਿੱਟੀ
ਦੇ ਘੜੇ ਦੇ!!

ਘੜਾ-ਇਹ ਘੁਮਿਆਰ ਦਾ ਸੁਫਨਾ,
ਸੁਰਾਹੀ-ਗਰਦਨ, ਸੁਰਾਹੀ ਦੀ ਗਰਦਨ ਓਹ ਜਿਨੂੰ
ਘੁਮਿਆਰ, ਦਿਨ, ਰਾਤ ਪਿਆਰਦਾ,
ਬਰਤਨ-ਮਿੱਟੀ ਥੀਂ ਹੱਥ ਕਰਤਾਰ ਦਾ ਅਮਰ
ਜਿਹੀਆਂ ਸ਼ਕਲਾਂ ਕੱਢਦਾ, ਇਹ



Digitized by Panjab Digital Library | www.panjabdigilib.org

ਬਰਤਨ, ਇਹ ਕਤਾਰਾਂ ਭਾਂਡਿਆਂ,
ਦੀਆਂ ਕੇਹੀਆਂ ਮੋਹਣੀਆਂ,
ਖਿਆਲਾਂ ਬੀ ਚੰਗੀਆਂ,
ਸੁਫਨਿਆਂ ਬੀ ਮਿੱਠੀਆਂ, ਪਿਆਰ
ਦੀਆਂ ਚੁੰਮੀਆਂ,
ਸਿਮਰਨ ਦੇ ਸਵਾਸ ਇਨ੍ਹਾਂ ਭਾਂਡਿਆਂ
ਵਿਚ ਕਿਹੇ ਚੱਲਦੇ,
ਇਨ੍ਹਾਂ ਲੱਖਾਂ ਚੇਹਰਿਆਂ ਵਿਚ ਇੱਕ ਨੂਰੀ
ਚੇਹਰਾ ਘੁਮਿਆਰ ਦਾ ਲਿਸ਼ਕਦਾ॥

ਛੰਨਾਂ–ਪਾਣੀ ਕਿਸ ਵਿੱਚ ਪੀਣ ਲੱਗਾ ਹੈਂ ਸੱਜਣਾ!
ਛੰਨਾਂ ਛਿਨ ਛਿਨ ਕੂਕਦਾ, ਘੁਮਾਰ ਦੇ
ਦਿਲ–ਲੁਕਾ ਗੀਤ, ਸੁੰਵ ਸਾਰੀ
ਮਾਰਦਾ॥

ਕੂਜ਼ਾ–ਇਹ ਕੂਜ਼ਾ ਹੱਥ ਤੇਰੇ ਸੱਜਨਾਂ! ਠੰਢੇ
ਚਸ਼ਮਿਆਂ ਦੀ ਧਾਰ ਦੀ ਸੁਰ
ਫੜੀ ਤੂੰ,
ਡੋਹਲ ਪਾਣੀ ਭਰਿਆ ਕੂਜ਼ਾ, ਜੀਵਨ
–ਧਾਰ ਪਈ ਪੈਂਦੀ, ਸਿਮਰਨ
ਵਗਦਾ॥

ਪਿੱਤਲ ਦੇ ਕੌਲ ਕੌਲੀਆਂ:–
ਨਿੱਕੇ ਨਿੱਕੇ ਪਿਤਲ ਦੇ ਕੌਲ ਕੌਲੀਆਂ
ਕਿਸ ਬਣਾਏ, ਗਿਆ ਕਿੱਥੇ ਠਠਯਾਰ,



Digitized by Panjab Digital Library | www.panjabdigilib.org

ਫੁੱਲਾਂ ਦੇ ਮੂੰਹ ਜਿਹੇ ਲਗਦੇ,
ਠਨਜ਼ਾਰ ਦਾ ਰੂਹ ਚਮਕਦਾ,
ਫੁੱਲ ਇਹ ਗੱਲਾਂ ਕਰਦੇ ਹੋਠਾਂ ਤੇਰਿਆਂ ਦੇ
ਨਾਲ ਲਗ,
ਕਿ ਕਰਤਾਰ ਆਪ ਤੈਨੂੰ ਚੁੰਮਦਾ ?

ਬਾਲੀ ਕਾਂਗੜੀ ਦੀ:-
ਇਹ ਬਾਲੀ ਤੇਰੀ ਸੱਜਨਾਂ !
ਕੈਂਡੇ ਨਿੱਕੀ ਨਿੱਕੀ ਪਹਾੜੀ ਰੁਮਲ ਦੀ ਵਾੜ
ਵਿਚ ਘਿਰੀ ਤੇਰੀ ਵਾਦੀ ਦੀ ਖੁਲ੍ਹ ਸੱਜਨਾਂ!
ਇਹ ਵਿਹੜਾ, ਤੇਰਾ ਘਰ, ਪਹਰੇ ਦੇਂਵਦੇ;
ਕੀ ਪੈਲੀ ਤੇਰੀ ਵਾਹੀ, ਬੀਜੀ ਦੀ ਵਾੜ ਇਹ,
ਕੀ ਅੰਦਰ ਦੀ ਮ੍ਰਿਤੇਤ੍ਰਤਾ, ਚੌ ਗਿਰਦਿਓਂ
ਬੱਝੀ ਪੇਈ ਸੋਭਦੀ, ਫੁਲ੍ਹਣ, ਵੀਟਣ,
ਗੁਵਾਰਣ ਬੀਂ ਬਚਾ ਜਿਹਾ ਇਹ ਕੰਡੇਇਹਦੇ,
ਕੀ ਤੇਰਾ ਦਿਲ ਚਮਕਦਾ, ਤੇ ਸਾਫ ਦਿਲ ਤੇ
ਪੈਂਦੇ ਛਾਵਲੇ ਆਕਾਸ਼ ਦੇ?
ਕੀ ਸਿਮਰਨ ਤੇਰਾ ਇਸ ਵਿਚ ?
ਕੀ ਕਰਤਾਰ ਦਿਤੀ ਰੋਟੀਆਂ ?

ਕੜਛੀ:-
ਕੜਛੀ ਸੱਜਨਾਂ !
ਕੈਂਹ ਦਾ ਹੱਥ ਨਿੱਕਾ ਨਿੱਕਾ,
ਕੈਂਹ ਦੀ ਬਾਂਹ ਘਰ ਤੈਰੇ ਲਿਸ਼ਕਦੀ,



Digitized by Panjab Digital Library | www.panjabdigilib.org

ਜਿਵੇਂ ਹਨੇਰੇ ਵਿਚ ਕਿਰਨ ਚਮਕਦੀ,
ਜਿਵੇਂ ਸੁਫਨੇ ਵਿਚ ਕੱਜੀ ਸਾਰੀ
ਜਾਗੀ ਦਾ ਇਕ ਅੰਗ ਦਿੱਸਦਾ,
ਤਿਹ ਇਕ ਸਤਿਸੰਗ ਘੁੰਮਦਾ,
ਸੇਵਾ ਹੁੰਦੀ ਪਿਆਰ ਦੀ,
ਅੰਨ ਰੱਬ ਦਾ ਵਰਤਦਾ,
ਕਿਰਤ ਵਰਤਦੀ, ਪਿਆਰ ਵਰਤਦਾ,
ਹੱਥ ਨਿੱਕਾ ਨਿੱਕਾ ਸੋਹਣੀ ਕਿਰਤ ਕਰਦਾ,

ਗਲ਼ ਦੀ ਵੇਲ ਸੋਨੇ ਦੀ:-
ਇਹ,ਵੇਲ ਕੁੜੇ ! ਸੋਨੇ ਦੀ ਮਹਿਲ ਕੋਈ ਪਾਈਹੈ,
ਬਾਗਾਂ ਦੇ ਪਾਨ ਦੇ ਪੱਤਿਆਂ ਨੂੰ ਸੋਨੇ ਦੀ
ਧਰਤ ਤੇ ਉਸੀ ਹੀ ਜਿੰਦ, ਉਸੀ ਲਟਕ ਵਿਚ
ਕੌਣ ਉਗਾਉਂਦਾ !
ਫੁਲਦੀ ਸੁਹਣੱਪ ਉਸੀਤ੍ਰਾਂ ਬਲਦੀ,
ਤੇਰੀ ਵੇਲ ਦੇ ਗਲ ਵਿਚ ਬਾਗ ਲਟਕਦੇ,
ਤੇ ਵੇਲ ਸੋਨੇ ਦੀ ਲਟਕਦੀ ਤੇਰੇ ਗੱਲਪਿਆਰੀਏ !

ਨਵੀਂ ਜੁਗਨੀ ਕਿਸੀ ਦੀ ਛਾਤੀ ਤੇ :-
ਠੀਕ "ਜੁਗਨੀ ਕੂਕਦੀ"-ਛਾਤੀ ਉਸ ਉੱਭਰੀ
ਜਵਾਨੀ ਦੇ ਉਮਾਹ ਨਾਲ,
ਜਵਾਨੀ ਆ ਜੁਗਨੀ ਵਿਚ ਗੀਤ ਭਰਦੀ,
ਕੁੜੀ ਕੂਕਦੀ ਜੁਗਨੀ ਚੁੱਪ ਹੈ,
ਜੁਗਨੀ ਕੂਕਦੀ, ਕੁੜੀ ਸਾਰੀ ਚੁੱਪ ਹੈ !!



Digitized by Panjab Digital Library | www.panjabdigilib.org

ਗਹਣੇ :-

ਇਨ੍ਹਾਂ ਕਲਾਈਆਂ, ਗੱਲ੍ਹਾਂ, ਹੱਥਾਂ,
ਪੈਰਾਂ, ਕੇਸਾਂ, ਸੁਆਸਾਂ ਵਿਚ ਗਹਣੇ ਸੋਭਦੇ,
ਕੰਨਾਂ ਵਿਚ ਮੱਛਰਿਆਲੇ ਲਟਕਦੇ, ਹਲਦੇ,
ਸਾਡੇ ਬੱਲੇ ਸ਼ਾਹ ਨੂੰ ਵੀ ਕਿਹੇ ਚੰਗੇ ਲਗਦੇ,
ਆਹ! ਇਨ੍ਹਾਂ ਨੱਢੀਆਂ ਦੇ ਅੰਗਾਂ ਦੀ ਛਣਕਾਰ,
ਛਾਣ ਛਾਣ ਬੋਲਦੇ,
ਇਨ੍ਹਾਂ ਲਾਲ ਚੂੜੇ ਵਾਲੀਆਂ ਦੀ ਭਰੀ ਗੀਤ
ਬਾਹਾਂ ਦੀ ਉਲਾਰ ਮਾਰਦੀ,

ਕੱਪੜੇ :-

ਕੱਪੜੇ ਤੇਰੇ ਸੋਹਣਿਆਂ! ਇਹ ਵੀ ਅੰਦਰ ਦਾ
ਰਾਗ ਬਾਹਰ ਫੁੱਟਿਆ,
ਮੈਨੂੰ ਵਾਜਾਂ ਮਾਰਕੇ, ਹੇਕਾਂ ਲਾਉਂਦੇ;
ਕਦੀ ਕਦੀ ਡੋਰੇ ਬੀ ਵੀ ਸੋਹਣੇ ਤੇਰੇ ਕੱਪੜੇ!!
ਇਹ ਮਿੱਤ੍ਰ ਤੇਰੇ ਰੂਹ ਦੇ,
ਤੈਨੂੰ ਕੱਜਦੇ, ਪਰਦੇ ਪਾਉਂਦੇ,
ਅਣਡਿੱਠ ਕਰਦੇ, ਬਖਸ਼ਦੇ,
ਬਖਸ਼ਾਉਂਦੇ ਤੈਨੂੰ;
ਤੈਨੂੰ ਮੁੜ ਮੁੜ ਕੱਜਦੇ!!

.... .... ....

.... .... ....

ਮੈਂ ਬੱਸ ਪਾਣੀਆਂ ਦੀ ਲੀਕ ਹਾਂ, ਬੱਦਲਾਂ ਦੇ ਰੰਗਾਂ ਦਾ



Digitized by Panjab Digital Library | www.panjabdigilib.org

, ਸ਼ਾਮ ਦਾ ਨੱਚਦਾ,
ਕੰਬਦਾ, ਜਲੌਂ;
ਮੈਂ ਦੇ ਢੰਗਾਂ ਨਾਲ ਸੱਜੀ,
ਉਡਦੀ ਉਡਦੀ ਹਰ ਘੜੀ ਦੀ ਤਸਵੀਰ, ਜਿਹਦਾ ਸਦਾ
ਅਮਿੱਟਵਾਂ ਪ੍ਰਭਾਵ ਹੈ !!
ਮੇਰੀ ਜਨਮ ਘੜੀ ਅੱਜ ਹੈ, ਹੁਣ ਹੈ, ਇਹ ਪਲ, ਛਿਨ ਹੈ,
ਮੈਨੂੰ ਤਾਂ ਜਨਮ ਦੀ ਖੁਸ਼ੀ ਸਾਹ ਲੈਣ ਨਹੀਂ ਦੇਂਦੀ !
ਪੱਥਰ ਦੇ ਹੋਣ, ਚਾਹੇ ਕਾਗਤ ਦੇ, ਪਾਣੀ ਦੇ ਹਵਾ ਦੇ,
ਬੱਦਲ ਦੇ,
ਮੈਨੂੰ ਤਾਂ ਰੂਪ ਸਾਰੇ, ਰੰਗ ਸਾਰੇ, ਮੈਂ ਮੈਂ ਲਗਦੇ,—ਜਿਨ੍ਹਾਂ
ਦੇ ਦਿਲਾਂ ਵਿਚ ਕਰਤਾਰ ਦੀ ਲੁਕ ਬੈਠੀ ਛੋਹ ਹੈ,

.... .... ....

.... .... ....

## ੬—ਪਿਆਰ ਦਾ ਸਦਾ ਲੁਕਿਆ ਭੇਤ

ਪਾਰਸ ਮੈਨੂੰ ਭੁਲਾਣਾ—ਹਾਂ, ਇਸ ਕਰਤਾਰ ਦੀ ਯਾਦ ਨੂੰ,
ਪਾਰਸ ਮੈਨੂੰ ਛੱਡਣਾ—ਹਾਂ, ਇਸ ਯਾਰ ਦੀ ਪਿਆਰ ਛੋਹ
ਦੀ ਅੰਗ ਅੰਗ ਰੁਪੀ, ਰਮਣਾਂ,
ਪਾਰਸ ਮੈਨੂੰ ਅਮੈਂਨਣਾ*-ਹਾਂ, ਇਸ ਲੀਕਾਂ, ਰੇਰਾਂ ਵਿਚ;
ਬੱਝੀ, ਕੱਜੀ, ਅਨੰਤ—ਜੀ ਨੂੰ;

---

* ਭਾਵ ਹੈ ਮੈਂ ਨੂੰ ਅ+ਮੈਂ ਕਰਨਾ।



Digitized by Panjab Digital Library | www.panjabdigilib.org

ਪਾਰਸ ਮੈਂ ਨੂੰ ਭੰਨਣਾ-ਹਾਂ, ਇਸ ਗਾਂਦੀ ਕਰਾਮਾਤ ਦੇ
ਬੁੱਤ ਨੂੰ,
ਹਊ ਜੀ ਹਊ, ਫਿਲਸਫੇ ਦਾ ਤਾਣ ਇਹ, ਬੁੱਤਾਂ
ਨੂੰ ਤੋੜਨਾ, ਮੋਮਣ ਜਿਹਾ ਬੀਂਣ ਨੂੰ,
ਹਊ ਜੀ ਹਊ, ਇਹ ਮੋਈਆਂ ਮੂਨ ਦਾ ਕਮਲਾ
ਯਕੀਨ ਕਊ,
ਹਊ ਜੀ ਹਊ, ਮੋਈਆਂ ਮਨਾਂ ਦਾ ਧਰਮ
ਭਰਮ, ਯੋਗ, ਭੋਗ ਕਊ,

.... .... ....

ਖੁਸ਼ਬੂ ਕਰਤਾਰ ਦੀ, ਉਡਦੀ ਪਰ ਬਝੀ ਵਿਚ
ਫੁਲ ਹਾਂ, ਅਨੇਕਾਂ ਸੋਨੇ ਦੀਆਂ ਕਿਰਨਾਂ ਮੇਰੇ
ਉਡਦੇ ਪੈਰਾਂ ਵਿਚ,
ਮੈਂ ਤਾਂ ਕਰਤਾਰ ਦੀ ਛਾਣ, ਛਾਣ ਕਰਦੀ, ਮਹੀਨ
ਬਰੀਕ ਤਰਬ ਜਿਹੜੀ ਕੰਬਦੀ, ਕੰਬਦੀ,
ਮੈਂ ਤਾਂ ਨਿਖਰੀ ਨੁਹਾਰ ਹਾਂ ਆਪਣੀ ਵਖਰੀ, ਵਖਰੀ
ਨੱਕ, ਕੰਨ, ਮੱਥਾ ਮੇਰਾ ਆਪਣਾ, ਹੱਥ, ਪੈਰ
ਜਿਸਮ ਸਾਰਾ ਮੈਂ ਰੂਹ ਹਾਂ,
ਮੈਂ ਨਵੀਂ ਨਿਕੋਰ ਹੁਣੇ ਆਈ, ਹੁਣੇ ਗਈ, ਹੁਣੇ ਬਣੀ,
ਅਮਰ ਇਕ ਸਦੈਵਤਾ,
ਮੈਂ ਤਾਂ ਬਖਸ਼ੀ, ਮੈਂ ਰੱਬ ਦੀ, ਮੈਂ ਹਾਂ ਆਪਣੀ-

... .... ....

.... .... ....

ਮੈਂ ਤਾਂ ਕਮਾਲ ਹਾਂ ਨਾਂਹ ਹੋਣ ਦਾ,



Digitized by Panjab Digital Library | www.panjabdigilib.org

ਸੁੱਤੀ ਹੋਵਾਂ ਤਾਂ ਓਹ,
ਜਾਗਦੀ ਹੋਵਾਂ, ਹੋਰ ਓਹ,
ਮੈਂ ਤਾਂ ਪਾਗਲ ਜਹੀ ਹੋਂਦ ਹਾਂ ॥
ਮੈਂ ਜਦ ਘੁੰਡ ਖੋਹਲ ਆਉਂਦੀ, ਦਰਯਾ ਥੰਮ੍ਹਦੇ, ਝੁੱਕਦੇ, ਮੱਥਾ ਟੇਕਦੇ ਲੰਘਦੇ, ਚੰਨ ਸੂਰਜ ਝੁਕ ਝੁਕ ਸਲਾਮ ਕਰਨ, ਹਵਾਵਾਂ ਦੌੜ ਦੌੜ ਚਾਈਂ ਚਾਈਂ ਝੱਲਣ ਚੌਰੀਆਂ ॥ ਪਹਾੜ ਦੇਖ ਮੈਨੂੰ ਉੱਛਲਦੇ,
ਇਉਂ ਨਿੱਕੀ ਜਿਹੀ ਮੈਂ ਖੁਲ੍ਹੇ ਘੁੰਡ ਮੋਹਿਤ ਹੁੰਦੀ ਸਬ ਤੇ, ਮੋਹਿਤ ਕਰਦੀ ਆਉਂਦੀ, ਤਖਤਾਂ ਤੇ ਬੈਹਦੀ, ਹੱਸਦੀ, ਖੇਡਦੀ, ਘਾਹਾਂ ਤੇ ਰੇਤਾਂ ਦੀ ਸੇਜਾਂ ਤੇ ਰੀਝਦੀ, ਗੁਟਕਦੀ, ਮੁਸ਼ਕਦੀ, ਨੱਸਦੀ, ਆਂਦੀ ਜਾਂਦੀ........
ਪਿਆਰ ਵਾਲਾ ਸਦਾ ਲੁਕਿਆ ਭੇਤ ਇਹ, ਖੁਲ੍ਹੇ ਘੁੰਡ ਦਾ ਵੇਲਾ ਕੋਈ ਕੋਈ ਵਿਰਲਾ, ਵਿਰਲੀ ਵਿਰਲੀ ਰੂਹ ਕੋਈ, ਅਨੇਮੀ ਜਿਹਾ, ਭਾਗ ਜਿਹਾ, ਕਦੀ ਕਦੀ ਦਿੱਸਦਾ ॥

---

## ੭—ਦੀਵਿਆਂ ਲੱਖਾਂ ਦੀ ਜਗਮਗ

ਅਨੇਕ ਹੋਣਾ ਦਾ ਹੋਣਾ, ਅਨਗਿਣਤ ਮੈਂ-ਆਂ ਦੀ ਮਮਤਾਂ,
ਕਰਤਾਰ ਦੇ ਪਿਆਰ ਵਿੱਚ ਬਲਦੀਆਂ,



Digitized by Panjab Digital Library | www.panjabdigilib.org

ਇਹ ਵਖ ਵਖ, ਲਖ ਲਖ, ਦੀਵਿਆਂ ਦੀ ਜਗਮਗ
ਦਾ ਮਿਲਵਾਂ ਸੁਹਣੱਪ ਹੈ !!
ਕਰਤਾਰ ਦਾ ਕੰਮ ਹੈ-ਅਨੇਕ ਕਰਨ, ਇਹਦਾ ਰੂਪ-
ਨਾਨਤ੍ਵ,
ਸੁਹਣੱਪ ਨੂੰ ਮੁੜ ਮੁੜ ਜਨਮ ਦੇਣਾ, ਹੋਰ ਹੋਰ ਸੋਹਣਾ
ਕੋਈ ਵੰਨ, ਕੋਈ ਰੰਗ ਭਰਨ ਨੂਰ,
ਦੱਸਦੀ, ਵਖ, ਵਖ, ਲਖ, ਲਖ, ਨਵੇਂ ਜਨਮ, ਹਰ
ਘੜੀ, ਸੁਾਸ, ਸੁਾਸ, ਨਵਾਂ ਸੱਜਰਾ ਆਦਿ ਹੈ
ਹਰ ਘੜੀ, ਹਰ ਪਲ ਛਿਨ ਇਕ ਅਨਾਦਿ ਦਾ !!
ਅਨੇਕਤਾ ਸੁਹਣੱਪ ਦੀ ਜਵਾਨੀ ਹੈ, ਇਹ ਭਰਜਵਾਨੀ
ਦੀਆਂ ਨਦਰਾਂ ਦਾ ਭਰਵਾਂ, ਰੱਜਵਾਂ, ਖਿੱਚਵਾਂ,
ਮਾਰਵਾਂ ਸੁਾਦ ਹੈ !!
ਇਹ ਕਰਤਾਰ ਦੀ ਏਕਤਾ ਦੀ ਮਹਫਲ ਹੈ, ਰਾਗ ਦੀ,
ਸੁਰਾਂ ਦੀ ਨਾਨਤਾ !!

---

## ੯-ਬੁਧ ਜੀ ਦਾ ਬੁਤ, ਧਿਆਨੀ ਬੁਧ

ਪੱਥਰ ਦਾ ਬੁੱਤ, ਬੱਸ,
ਕਿ ਹੋਰ ਕੁਛ ?
ਇਹ ਬੁਧ ਜੀ ਦਾ ਬੁਤ ਲੋਕੀ ਆਖਦੇ,
ਵਡੇ ਵਡੇ ਝੁਕਦੇ, ਰਸੀਏ ਮੰਨਦੇ, ਘੜਨ ਹਾਰ ਦਾਇਕਾਉ



Digitized by Panjab Digital Library | www.panjabdigilib.org

ਇਥੇ ਸਾਰਾ, ਓਹਦਾ ਸੁਖ–ਰਸ ਪੱਥਰ ਵਿਚ
ਸਮਾਯਾ ਹੈ ਵਾਂਗ ਰਾਗ ਦੇ,

.... .... ....

.... .... ....

ਰਾਗ ਦੀ ਠੰਢੀ ਠਾਰ ਹੌ ਵਗਦੀ,
ਪੱਥਰ ਵਿਚ ਦਿਲ ਦੀ ਲੋ ਨੂੰ ਵੇਖਣਾ !
ਮੱਥਾ ਕਿਹਾ ਲੁੱਸਦਾ,
ਨਿਰਵਾਨ ਦੇ ਅਕਹ ਜਿਹੇ ਸੁਖ ਵਿਚ,
ਇਹ ਧਯਾਨੀ–ਬੁਧ ਜੀ ਦੀ, ਪਦਮ-ਆਸਣ ਬੈਠੀ
ਧਯਾਨ ਸਿਧ ਮੂਰਤੀ !!
ਕਿਹਾ ਸ਼ਾਂਤ ਜਿਹਾ ਪ੍ਰਭਾਵ ਸਾਰੀ ਦਾ ਵਾਂਗ ਚਾਂਦਨੀ,
ਬਾਹਾਂ ਵਿਚੂੰ ਵਗਦਾ ਪਾਣੀ ਹੋਯਾ ਪ੍ਰਕਾਸ਼ ਇਕ, ਪੱਥਰ
ਨੂੰ ਮੋਮ ਕਰ ਵਗਦਾ,
ਪਿਗਲੀ ਜਿਹੀ ਆਲਮਗੀਰ ਕੋਈ ਅਹਿੰਸਾ, ਦਯਾ
ਸੰਤੋਖ, ਸਤ, ਜਗ ਸਾਰਾ ਪਿਗਲਾਂਦੀ ਇਸ ਪਜਾਰ ਵਿਚ;
ਪਦਮ ਆਸਨ ਤੇ ਬੈਠਾ ਮਨੁੱਖ ਸਾਰਾ ਮਨੁੱਖਤਾ ਸਾਰੀ,
ਚੱਬਤਾ ਇਕ ਫੁੱਲ ਵਰਗੀ ਕੋਮਲਤਾ ਸਰੂਪ ਹੋ ਸਾਜੀ ਹੈ,

.... .... ....

.... .... ....

.... .... ....

ਇੱਥੇ ਪੱਥਰ ਨੂੰ ਕੌਣ ਪੁੱਛਦਾ ?
ਹੁਥ ਕੰਨ, ਨੱਕ, ਮੱਥੇ ਦੀ ਢੁਕ ਅਢਕ, ਮਿਕ ਅਮਿਕ
ਵੇਖਣ ਦੀ ਵਹਿਲ ਕਿੱਥੇ ਲਗਦੀ ?



Digitized by Panjab Digital Library | www.panjabdigilib.org

ਸਰੂਰ ਜਿਹਾ ਚੜ੍ਹਦਾ,
ਨੈਣ ਮੁੰਦਦੇ ਜਾਂਦੇ ਜਿਵੇਂ ਬੁਧ–ਬੁੱਤ ਦੇ,
ਸੁਖ ਲੈਣ ਦੁਨੀਆਂ ਇਸ ਦਰ ਆਉਂਦੀ ਹੈ,
ਜੀਣ ਜਾਣਨ ਨੂੰ ਲੋਚਦੀ,
ਮੂਰਤ ਕੌਣ ਵੇਖਦਾ, ਦਰਸ਼ਨਾਂ ਨੂੰ ਲੋਚਦੇ,
ਮੂਰਤਾਂ ਇਸ ਥੀਂ ਲਖ ਗੁਣ ਵਧ ਢੁਕੀਆਂ ਸੱਜੀਆਂ,
ਪਈਆਂ ਹਨ ਗਲੀ, ਗਲੀ,
ਇੱਥੇ ਤਾਂ ਪੱਥਰ ਵਿਚ ਆਵੇਸ਼ ਨੂੰ ਟੋਲਦੇ,
ਲਭ, ਲਭ, ਨੈਣਾਂ ਨਾਲ ਚੁੰਮਦੇ ਹੱਥਾਂ ਨੂੰ ਪੈਰਾਂ ਨੂੰ,
ਬੁਧ ਜੀ ਦਾ ਨਿਰਵਾਨ ਵਿਚ ਟਿਕੇ ਮਨੁਖ ਦੇ ਰੂਪ ਨੂੰ ॥

.... .... ....

.... .... ....

ਭਰਵੱਟਿਆਂ ਤੇ ਕੇਸਾਂ ਤੇ ਬੋਲੀ ਸਮਾਧੀ ਦੀ ਠੰਢੀਠੰਢੀ
ਤ੍ਰੇਲ ਹੈ,
ਤੇ ਪਲਕਾਂ ਨਾਲ ਪਾਰਖੀ ਮੋਤੀ ਇਹ ਚੁਣ, ਚੁਣ ਪੌਂਦੇ
·ਦੇਖਦੇ ਸੋਹਣਿਆਂ ਤੇ ਮਸਤ ਹੋਣ ਵਾਲੇ ਵੰਗੇ ਰਸ
ਦੀ ਲਹਰਾਂ ਪੇਚ ਕਿਵ ਪੈਂਦੇ,
ਅਕਾਸ਼ ਕਿਵ ਇਨਾਂ ਬਾਹੀਂ ਰਾਹੀਂ ਹਿਠਾਹਾਂ ਉਤ੍ਰਦਾ,
ਤੇ ਧਰਤ ਕਿਵਇਨਾਂ <u>ਬੰਦਨੈਨਾਂ</u> ਰਾਹੀਂ ਉਤਾਹਾਂ ਨੂੰ ਚੜ੍ਹਦੀ
ਕਿਰਤ ਦੇ ਪਾਰਖੀ ਰਮਜ਼ਾਂ ਗੁੱਝੀਆਂ ਛਿੱਪੀਆਂ ਨੂੰ ਟੋਲਦੇ
ਨੈਣਾਂ ਵਾਲੇ ਨੈਣਾਂ ਨਾਲ ਤੱਕਦੇ,
ਲਕੀਰਾਂ ਤੇ ਰੇਖਾਂ ਤੇ ਘੂਰ੍ਹਾਂ ਤੇ ਮੰਦ ਮੰਦ <u>ਨਿਰਵਾਣੀ</u>
ਹਾਸੇ ਨੂੰ ਪਛਾਣਦੇ,



Digitized by Panjab Digital Library | www.panjabdigilib.org

## ੯. ਧਯਾਨ ਦੀ ਧੁੰਦ ਜੇਹੀ

੧.

ਬੁਧ-ਆਰਟ (ਹੁਨਰ) ਬੀ ਪੁਰਾਣਾ ਨਵਾਂ ਆਰਟ ਵੀ
ਪੂਰਬ ਦਾ ਬੂਹਾ ਸਾਰਾ,
ਕੁਛ ਫਲਸਫੇ ਦੀ ਗੁਫਾ ਦਾ ਹਨੇਰ ਨਾਲ ਲਿਆ ਹੋਯਾ,
ਕੁਛ ਧਿਆਨ ਦੀ ਧੁੰਦ ਜੇਹੀ ਨਾਲ, ਨਾਲ,
ਹਾਲੇ ਪੂਰਾ ਠੀਕ ਨਾਂਹ, ਹੋਰ, ਹੋਰ, ਨਵਾਂ, ਨਵਾਂ
ਹੋਵਣਾ,
ਪਿੱਛੇ ਦੀਆਂ ਗਈਆਂ ਗੁਜ਼ਰੀਆਂ ਗੱਲਾਂ ਦੀ ਪੁਰਾਣੀ
ਸੁਹਣੱਪ ਠੀਕ ਹੈ,
ਪਰ ਸੱਚ ਪੁਰਾਣਾ ਮੁੜ ਨਵਾਂ, ਨਵਾਂ ਘੜਨਾ, ਅਵੇਸ਼ ਨੂੰ
ਵੇਖਣ,। ਅਵੇਸ਼ ਰੱਬੀ ਮੁੜ ਲੋਚਣਾ,
ਪਰਾਣੇ ਇਤਹਾਸ ਹੁਨਰ ਦੀਆਂ ਠੀਕਰੀਆਂ ਨੂੰ
ਮੁੜ ਮੁੜ ਜੋੜਨਾ, ਬੋਲੀ ਜੇਹੀ ਸਿੱਖਣ ਨੂੰ
ਤਾਂ ਠੀਕ ਹੈ,
ਪਰ ਨਵੇਂ ਦਿਨ ਦੇ ਮੱਥੇ ਤੇ ਰੇਖ ਨਵੀਂ, ਓਪਰੀ,
ਜੇਹੜੀ ਹਾਲੇਂ ਪਿੱਛੇ ਮੁੜੀਆਂ ਅੱਖਾਂ, ਤੱਕੀ ਨਾਂਹ,
ਹਾਲੇਂ ਅੱਖਾਂ ਖੋਹਲ ਤੱਕਣਾ,
ਆਰਟ ਪੂਰਬ ਦਾ, ਪੱਛਮ ਦਾ ਇੱਕ ਹੋ, ਨਵਾਂ, ਨਵਾਂ
ਹੋਣਾ !!

.... .... ....

.... .... ....



Digitized by Panjab Digital Library | www.panjabdigilib.org

# ਐਲੀਫੈਂਟਾ ਦੀ ਤ੍ਰੈ ਮੂਰਤੀ

## ੨.

ਐਲੀਫੈਂਟਾ ਦੀ ਤ੍ਰੈ ਮੂਰਤੀ,
ਤ੍ਰੈ ਪਿਆਰਿਆਂ ਦੇ ਇਕ ਹੋਏ ਸਿਰ ਤ੍ਰੈ,
ਆਰਟ ਦੇ ਪਾਰਖੀ,ਇਸ ਪੱਥਰ ਦੀ ਧਾਤ ਵਿਚੂੰ ਨਿਕਲੇ,
ਸਿਰਾਂ ਦੀ ਸੋਹਣੀ ਉਠ, ਇਸ ਹਨੇਰੇ ਵਿਚ ਚੜ੍ਹੇ
ਤ੍ਰੈ ਸੂਰਜਾਂ ਦੇ ਪ੍ਰਕਾਸ਼ ਵਿਚ, ਅਗੰਮੀ ਦਿੱਸੀ
ਪਿਆਰ-ਵਹਣ ਦੀ ਸੈਦੇਵਤਾ ਨੂੰ ਵੇਖਦਾ,
ਦੋ ਨਿੱਕੇ ਸਿਰ ਵਿਚਕਾਰ ਸੁਬਿਤ੍ਰ ਇਕ ਵੱਡੇ ਸਿਰ ਨੂੰ
ਸਜਾਉਂਦੇ* ਤੋਲ ਅਡੋਲ ਸਾਰਾ ਛਬੀ ਪਿਆਰ
ਦੀ ਗੜ੍ਹੰਦਦੀ ਸੋਹਣੀ,
ਇਕ ਡਾਢੇ, ਉੱਚੇ, ਮੁਕਟ-ਧਾਰੀ ਪ੍ਰਭਾਵਨੂੰ ਪ੍ਰਕਾਸ਼ਦੇ,
ਪਾਰਖੀ ਮੁਕਟ ਦੇ ਲੜੀ ਤ੍ਰੈਜੜੀ ਨੂੰ ਵੇਖ, ਵੇਖ, ਧਿਆਨ
ਅੰਦਰ ਵੱਸੇ ਦੀ ਉਚਾਈਆਂ ਦੀ ਸੋਧਾਂ ਲਾਉਂਦੇ॥
ਪਰ ਪਾਰਖੀ ਵੀ ਫਲਸਫੇ ਪੁਰਾਣੇ ਵੀ ਮਾਨਸਿਕ ਜੇਹੀ
ਧੁੰਦ ਵਿਚ ਬੈਠੇ ਆਖਣ:-
ਸਰੀਰ ਤ੍ਰੇਹਾਂ ਦੇ ਪੱਥਰ ਵਿਚ ਬੜੂ ਗਏ, ਸਿਰ
ਲਿਸ਼ਕਦੇ, ਸ਼ਰੀਰ ਕੂੜ ਦੱਸਦੇ, ਮਨ ਦੀ ਸਚਾਈ
ਥਾਪਦੇ,
ਪਰ ਠੀਕ ਗੱਲ ਇਹ ਨਹੀਂ, ਹਾਲੇਂ ਸਿਰ ਤ੍ਰੈ ਮੁਕਟਧਾਰੀ

---

*Stella Kramrish: Indian Art: its Creative Power, Modern Review August 1922.



Digitized by Panjab Digital Library | www.panjabdigilib.org

ਪ੍ਰੀਤ ਪ੍ਰੋਤੇ, ਧਿਆਨ--ਸਿਧ ਹੋ ਉਪਜੇ ਹਨ
ਇਸ ਮੂਰਤ ਵਿਚ,
ਹਾਲੇਂ ਸਰੀਰਾਂ ਤ੍ਰੈਹਾਂ ਨੇ ਪਿਆਰ ਚਮਕਾਂ ਖਾ, ਖਾ
ਜਾਗਣਾ,
ਹਾਲੇਂ ਧ੍ਯਾਨ ਚੀਰਮਾਂ ਅੱਖਾਂ ਬੰਦ ਹਨ, ਪਿਆਰ-
ਕਣੀਆਂ ਖਾ, ਖਾ, ਸਬ ਨੇ ਸਹਜ ਵਿਚ ਖੁਲ੍ਹਣਾ,
ਪੱਥਰ ਦੀ ਨੀਂਦਰ ਬ੍ਰਹਮ ਮੈਂ ਵਾਲੀ, ਛਡ, ਛਡ
ਉੱਡਨਾ-ਵਿਚਰਨਾ,
ਇਸ ਤ੍ਰੈ ਮੂਰਤੀ ਨੂੰ ਹਾਲੇਂ ਗਲੀ, ਗਲੀ ਟੁਰਨਾ, ਤੇ ਹਾਂ,
ਇਸੀ ਤਰਾਂ ਪ੍ਯਾਰ-ਧ੍ਯਾਨ ਬੱਝੀ-ਬਝਾਈ,
ਸਬਿਤ ਸਾਰੀ ਪੂਰਣਤਾ,
ਮੁਕਟਾਂ ਤੇ ਰੂਹ ਦੀ ਕਿਰਨ ਵੱਜੀ ਪਈ ਹੈ,
ਹਾਲੇ ਰੂਹ ਨੇ ਕੁਲ ਸਰੀਰ ਹੋਵਣਾ, ਚਮਕਣਾ!
ਹਾਲੇਂ ਸਹਜ ਯੋਗੀ ਦੀ ਪੂਰਣਤਾ ਨੇ ਲੱਭਣਾ,
ਤ੍ਰੈ ਮੂਰਤੀ ਕੱਲ ਲੰਘ ਗਿਆ ਹੈ,
ਅੱਜ ਹੁਣੇ ਚੜ੍ਹਿਆ ਹੈ, ਕੱਲ ਨੇ ਆਵਣਾ ਜਿਸ ਵਿਚ
ਦਰਸ਼ਨਾਂ ਦੇ ਸਮੂੰਹ ਨੇ, ਮ੍ਰੈਲੀਵੈਂਟਾ ਤੇ ਇਲੌਰਾ
ਥੀਂ ਨਿਕਲ ਹਰ ਗਗਨ ਚਮਕਣਾ !!

.... .... ....

.... .... ....

ਬਾਬਾ ਜੀ ਆਖਦੇ:-
ਮੇਰੀ "ਰੱਬੀ ਯਾਦ" ਦਾ, ਸਿਮਰਨ ਦੇ ਮਗਰ ਮਗਰ,
ਇਹਦੇ ਚਾਰ ਚੁਫੇਰੇ, ਕੋਮਲ ਉਨਰਾਂ ਦਾ ਨਵੇਂ



Digitized by Panjab Digital Library | www.panjabdigilib.org

ਹੜ੍ਹ ਵਗਣੇ,
ਸਿਮਰਨ ਦੀ ਸਦੀਆਂ ਲੰਮੀ ਸਾਈਂ ਹੱਥ ਦੀ ਘਾੜ
ਚਲਦੀ,
ਹੱਥਾਂ ਨੇ ਚੱਲਣਾ, ਪੈਰਾਂ ਨੇ ਚੱਲਣਾ, ਮਨ ਨੇ ਚੱਲਣਾ,
ਸਹਜ-ਫੁਲ ਦਿਲ ਵਿੱਚ, ਅੱਖ ਵਿੱਚ, ਸਿਰ
ਵਿਚ ਵੱਸਣਾ ।।
ਮੈਂ ਘੜੇ, ਮੈਨੂੰ ਮੁੜ ਮੁੜ, ਜਿਵੇਂ ਸੁੰਦਰੀ ਵੇਖੇ ਮੁੜ
ਮੁੜ ਆਰਸੀ, ਮਤੀ ਆਪਣੇ ਸੁਹਣੱਪ ਦੀ,
ਮੈਂ ਕੀ ਹਾਂ ? ਦੱਸਣ ਦੀ ਲੋੜ ਨਾਂਹ ਮੈਨੂੰ,
ਰਸਤਾ ਆਪ ਸਦਾ ਦੱਸਦਾ ਟੁਰੇਗਾ ਮੇਰਾ ਕਿਰਤ
ਉਨਰ ਦਾ,
ਕਰਨ ਦਾ ਨਾਮ ਹੈ, ਸੱਚੀ ਦੱਸਣ ਵਾ, ਬਾਕੀ "ਹਉਮੈ
ਝੂਖੜ" ਜਾਣ ਸਿਖਾ ਮੇਰਿਆ !

.... .... ....

.... .... ....

ਮੈਨੂੰ ਦਿੱਸਦਾ, ਕਾਦਰ ਦਾ ਪਿਆਰ ਚੁੰਮਦਾ, ਪਾਣੀਆਂ
ਥੀਂ, ਹਵਾਵਾਂ ਥੀਂ, ਝੂਲਾਂ ਥੀਂ, ਫੁੱਲਾਂ ਥੀਂ ਵਧ,
ਛਿਨ ਪਲ ਛਾਈ ਮਾਈ, ਹੋਣ ਵਾਲਾ ਬੁਦਬੁਦਾ,
ਤੇ ਕਰਤਾਰ ਕਰੇ ਇ[illegible] ਬੁਦੇ ਨੂੰ ਅਮਰ, ਇਕ
ਕਿਰਨ ਜਿਹੀ [illegible] ਪੋਕੇ,
ਜੋਤ ਆਪਣੇ ਨਿਰੰਕਾਰ ਦੇ ਹਰ ਮਨੁੱਖ-ਦਿਲ ਬਾਲਣੀ,
ਨਿਰਵਾਣ ਦੀ ਸਮਾਧੀ ਤਾਂ ਇਸ ਨਾਮ-ਲੌ ਦੀ
ਬਾਹਰਲਾ, ਬਾਹਰੋਂ ਦਿੱਸਦਾ ਝੁਖਾ ਹੈ,



Digitized by Panjab Digital Library | www.panjabdigilib.org

# ੧੦—ਪਿਆਰੀ 'ਸਿੱਖ—ਮੈਂ' ਹੋਈ ਕਰਤਾਰ ਦੀ

ਮੈਂ ਤਾਂ ਕਰਤਾਰ ਘੜਨ ਹਾਰ ਦੇ, ਹਥੌੜੇ ਦੀ ਨਿੱਕੀ
ਨਿੱਕੀ ਸੱਟ ਦੀ ਸੱਦ ਨੀ,
ਮੈਂ ਤਾਂ ਰੱਬ ਚੁਣੇ ਇਕ ਸ਼ੇਖ ਦੇ ਰੰਗ ਦੀ ਸ਼ੇਖੀ ਸ਼ੇਖੀ
ਭੁਖਣੀ,
ਮੈਂ ਤਾਂ ਸਾਈਂ ਦੇ ਬੁਸ ਦੀ ਖਿੱਚੀ ਲਕੀਰਣੀ,ਫਕੀਰਨੀ,
ਮੈਂ ਉਸੀ ਲਕੀਰ ਦੀ ਝਰੀਟ ਦੀ ਕੋਮਲ, ਕੋਮਲ,
ਛਿਪੀ, ਛਿਪੀ, ਨਿੱਕੀ, ਨਿੱਕੀ ਪੀੜ ਨੀ,
ਮੈਂ ਉਹਦੀਆਂ ਮੌੜ੍ਹਾਂ ਤੋੜਾਂ ਵਿੱਚ ਮੁੜ, ਮੁੜ ਜੁੜੀ
ਨੈਣਾਂ ਦੀ ਨੀਂਦ ਨੀ,
ਮੈਂ ਤਾਂ ਚੱਕਰਾਂ ਥੀਂ ਨਿਕਲੀ, ਸਿਰ ਚੱਕੀ,ਤਾਰ—ਖਿੱਚੀ
ਫੁੱਲ ਦੀ ਸੁਹਜ ਦਾ ਮਾਣ ਨੀ,

.... .... ....

.... .... ....

ਮੈਂ ਤਾਂ ਗੀਤ ਹਾਂ ਹਵਾ ਵਿੱਚ ਕੰਬਦਾ, ਖੜਾ ਥੱਰ੍ਹਾਂਦਾ
ਮਧਜ ਅਸਮਾਨ ਨੀ,
ਮੈਂ ਤਾਂ ਲਟਕਦੀ ਛਬੀ [illegible] ਦੀ ਦੀਵਾਰ ਨੀ, ਮੈਂ
ਤੱਕਦੀ, ਹੱਸਦੀ, ਪਿ[illegible] ਦੀ, ਮੁੜ ਮੁੜ ਪਾਂਦੀ
ਓਹੋ ਪਿਆਰ ਨੀ !

.... .... ....

.... .... ....



Digitized by Panjab Digital Library | www.panjabdigilib.org

ਮੈਂ ਤਾਂ ਓਹਦੇ ਦਰ ਦੀ ਲੋਟੀ, ਲੋਟੀ ਮੁਹਾਰ ਨੀ, ਲੋਟੀ, ਵਿਛੀ ਵਾਂਗ ਵਿਛੀਆਂ ਨੈਣਾਂ ਦੇ ਸਦਾ ਓਹਨੂੰ ਉਡੀਕਦੀ,

ਮੈਂ ਤਾਂ ਉਹਦੇ ਦਰ ਦੀ ਖਾਲੀ ਦਿਲ ਖੁਲਾਣ ਜਿਹੀਹਾਂ, ਜੇਹੜੀ ਬਾਹਾਂ ਅੱਡੀਆਂ ਸਦਾ ਖੜੀ ਅੱਡੀਆਂ ਭਾਰ, ਭਰਨ ਨੂੰ ਰੱਬ ਸਾਰਾ ਵਿੱਚ ਪਾ ਆਪਣੀ ਜੱਫੀਆਂ, ਜਦੂੰ ਕਦੀ, ਰੱਬ ਆਪਣੇ ਘਰ ਆਂਵਸੀ ਨੀ,

.... .... ....

.... .... ....

ਮੈਂ ਤਾਂ ਬਾਹਰ ਵੇਹੜੇ ਵਿੱਚ ਬੈਠੀ ਰੋਸ਼ਨੀ, ਜੀ ਆਓ, ਜੀ ਆਓ ਆਖਦੀ, ਵੇਹੜੇ ਓਹਦੀ ਦੀ ਬਾਹਰ ਦਾ ਰਸ ਹਾਂ,

ਮੈਂ ਦਰਵਾਜੇ ਦੇ ਅੰਦਰ ਦੀ ਲਖ ਗਹਮ ਗਹਮ ਹਾਂ, ਗਹਣੇ ਪਾਈ, ਸਜੀ, ਧਜੀ, ਨਵੀਂ ਵਿਆਹੀ, ਲਾੜੀ–ਸੁਹਣੱਪ ਹਾਂ, ਭੀੜਾਂ ਅੰਦਰਲੀਆਂ ਵਿੱਚ ਫਸੀ ਖੜੀ, ਮੇਰਾ ਮੂੰਹ ਨਵੀਂ ਜਵਾਨੀ ਚੜ੍ਹੀ ਦੇ ਪਸੀਨੇ ਦੇ ਮੋਤੀਆਂ ਦੀ ਲੜੀਆਂ ਵਿੱਚ ਅੱਧਾ ਕੱਜਿਆ ॥

.... .... ....

.... .... ....

ਆ ਤੱਕ ਨਿਰੰਕਾਰੀ ਜੋਤ ਜੇਹੜੀ ਗੁਰੂ ਨਾਨਕ ਜਗਾਈ ਆਹ।



Digitized by Panjab Digital Library | www.panjabdigilib.org

ਉਹ ਧੁਰ ਅੰਦਰ, ਦਿਲ ਹਰਿਮੰਦਰ ਵਿੱਚ, ਨੀਲੇ ਪਾਣੀਆਂ ਦੀਆਂ ਲਾਲ ਰੰਗ ਮਸਤ ਲਹਰਾਂ ਤੇ ਜਗਦੀ,
ਸੂਰਜ ਰੋਜ਼ ਨਿਕਲਦਾ, ਇਹ ਉਹਦਾ ਘਰ ਹੈ !!
ਦੇਵੀ ਤੇ ਦੇਵਤੇ ਅਨਡਿਠੇ, ਅਦ੍ਰਿਸ਼ਟ ਦੇ। ਨੈਣਾਂ ਦੀ ਜੋਤ ਲੈਣ ਆਉਂਦੇ,
ਦੇਖ, ਦੇਖ, ਉਸ ਜੋਤ ਨਾਲ, ਛੋਹਜੀਵੀ, ਛੋਹ ਪੀਵੀ, ਛੋਹ ਥੀਵੀ, ਮੈਂ ਇਕ ਜੋਤ ਹਾਂ !!
ਪਰ ਖੁਸ਼ੀ ਜਰੀ ਨਹੀਂ ਜਾਂਦੀ, ਮੈਂ ਅੱਗੇ ਪਿੱਛੇ ਫਿਰਦੀ, ਜੋਤਾਂ ਜਗਦੀਆਂ ਤੱਕਦੀ, ਜਗਾਂਦੀ, ਹੱਸਦੀ, ਖੇਡਦੀ,
ਆਪ ਮੁਹਾਰੀ, ਬਉਰਾਨੀ ਜੀ, ਰਾਣੀ ਮੈਂ !!

---

## ੧੧—ਮੰਜ਼ਲ ਅੱਪੜਿਆਂ ਦੀ ਰੋਜ਼ ਮੰਜ਼ਲ

ਸੁਹਣੱਪ ਦੇ ਸੋਹਣੇ ਹੋਣ ਦੀ ਹੱਦ ਨਾਂਹ,
ਸੋਹਣੇ ਸਦਾ ਹੋਰ ਸੋਹਣੇ ਹੁੰਦੇ,
ਜਵਾਨੀ ਸਦਾ ਜਵਾਨ ਹੁੰਦੀ,
ਰਸ ਰਸੀਂਦਾ, ਇਹੋ ਤਾਂ ਜਪ ਦਾ ਜਪਣਾਂ,
ਮੰਜ਼ਲ ਮੁੱਕਣ ਦੀ ਕੋਈ ਗਲ ਨਾਂਹ,
ਨਵੀਂ ਨਵੀਂ ਨਿਖਰਦੀ, ਨਜ਼ਾਰਾ ਨਵਾਂ, ਸੁਆਦ ਨਵਾਂ, ਦੀਦਾਰ ਨਵਾਂ ਨਵਾਂ ਹੋਵੰਦਾ,
ਮੰਜ਼ਲ ਤਾਂ ਮੋਇਆਂ ਦੀ ਮੁੱਕਦੀ,



Digitized by Panjab Digital Library | www.panjabdigilib.org

ਜੀਂਦਿਆਂ ਦੀ ਤਾਂ ਸਦਾ ਭੁਰਦੀ,
ਤੁਰਨ ਤਾਂ ਸੁਆਦ ਹੈ,
ਮੁੜ ਮੁੜ ਪਸੀਜਣਾ, ਰੀਝਣਾ, ਮੁੜ ਮੁੜ ਰਸੀਣਾ,
ਨਿਤ ਨਵਾਂ ਸਫਰ ਬੱਸ ਪਿਆਰ ਹੈ ॥
ਘਰ–ਪ੍ਰਾਪਤ ਹੋਣਾਂ, ਮੰਜ਼ਲ ਦਾ ਅੱਪੜਨਾ,
ਮੰਜ਼ਲ ਇਉਂ ਅੱਪੜਿਆਂ ਦੀ ਰੋਜ਼ ਮੰਜ਼ਲ ਸੁਆਦਲੀ,
ਟੁਰਨਾਂ ਉਨ੍ਹਾਂਦਾ ਔਖਾ, ਜਿਨ੍ਹਾਂ ਨੂੰ ਪਤਾ ਨਹੀਂ ਕਿੱਥੇ ਜਾਣਾ,
ਜਿਹੜੇ ਹਾਲੇਂ ਘਰ ਦੀ ਪ੍ਰਾਪਤੀ ਥੀਂ ਦੂਰ ਹਨ,
ਦਰ ਮਿਲਿਆਂ ਨੂੰ ਕੀ ਤੌਖਲਾ ॥

.... .... ....

.... .... ....

ਘਰ ਵਾਲੀਆਂ, ਸਾਈਂਆਂ ਵਾਲੀਆਂ,
ਸੋਹਣੀਆਂ ਸੁਹਾਗਣਾਂ,
ਓਹ ਤਾਂ ਨਿਤ ਨਵੀਂ ਸੂਰਜ ਨੂੰ ਫਤਹ ਗਜਾਉਂਦੀਆਂ।
ਹਸਦੀਆਂ ਖੇਡਦੀਆਂ, ਪੀਘਾਂ ਝੂਟਦੀਆਂ, ਸਬ ਖੁਸ਼ੀਆਂ
ਕੰਤ ਮਿਲਵੜੀਆਂ ॥

.... .... ....

.... .... ....

.... .... ....

ਗਾੜ੍ਹੀਏ ਦੀ ਆਵਾਜ਼ ਦੀ ਪਹਚਾਣ,
ਮੰਜ਼ਲ ਤੇ ਅੱਪੜਨ ਦਾ ਨਿਸ਼ਾਨ,
ਚਿੱਟੀਆਂ ਭੇਡਾਂ ਦੀ ਇਹ ਨਾਮ ਦੀ ਪ੍ਰਾਪਤੀ,
ਪਹਾੜਾਂ ਹੇਠ ਭਾਵੇਂ ਵਿਚ ਵਾਦੀਆਂ,



Digitized by Panjab Digital Library | www.panjabdigilib.org

ਭੇਡਾਂ ਫਿਰਨ ਚਰਦੀਆਂ, ਫਿਰਦੀਆਂ,
ਸਾਵੇ ਘਾਹ ਉਤੇ, ਸਿਰ ਨੀਵੇਂ ਕੀਤੇ,
ਆਪ ਮੁਹਾਰੀਆਂ, ਦੌੜਦੀਆਂ,
ਫੁੱਲਾਂ ਨੂੰ ਪੈਰ ਲੱਗੇ, ਮੁਸ਼ਕਦੀਆਂ,
ਸੱਦ ਪਵੇ, ਦੌੜਦੀਆਂ, ਆਂਦੀਆਂ, "ਪਾਣੀ ਘਾਹ ਮੁੜੋ ਨੇ"
ਝੁਰਮਟ ਪਾਛ ਵਾਂਗ ਪਰੀਆਂ,
ਗਡੱਰੀਏ ਦੇ ਅੱਗੇ ਪਿੱਛੇ,
'ਮੈਂ' 'ਮੈਂ' ਕਰਦੀਆਂ, ਨਿੱਕੇ ਨਿੱਕੇ ਬੱਚੇ ਤੇ ਬੱਚੀਆਂ!
ਵਾਹ! ਕਿਹੀਆਂ ਸੋਹਣੀਆਂ! ਮੋਹਣੀਆਂ!!

---

## ੧੨—ਰੱਬ ਨੂੰ ਔੜਕ ਬਣੀ ਆਣ ਇਕ ਦਿਨ —

੧.

ਠੀਕ! ਫਿਲਸਫਾ ਵੀ ਕਦੀ ਇਕ ਉਨਰ ਸੀ,
ਇਸੀਤਰਾਂ ਆਰਟ ਨੂੰ ਬਿਨੁ ਸਿਮਰਨ ਦੇ ਜੀਣ ਦੇ
ਇਨ੍ਹਾਂ ਪਾਰਖੂਆਂ ਫਿਲੱਸਫਾ ਮੁੜ ਕਰ ਮਾਰਨਾ,
ਆਰਟ ਨੂੰ ਖੜ੍ਹ ਕਿਸੀ ਭੇੜੀ ਜਿਹੀ ਖੁਲ੍ਹ ਵਿਚ,
ਵਿਕਾਰ ਕਰ ਫੂਕਣਾ,
ਇੰਵ ਹੋਣਾ ਸੀ—ਸੱਚੀਂ ਮੈਂ ਵੇਖਿਆ:—
ਕਰਤਾਰ ਨੇ ਸੁਣਹੱਪ ਬਣਾ ਸਾਰੀ ਰੱਖੀ ਇਕ
ਮਿੱਟੀ ਦੇ ਬੁੱਤ ਦੇ ਸਾਹਮਣੇ,



Digitized by Panjab Digital Library | www.panjabdigilib.org

ਮਤੇ ਵੇਖ ਅਨੰਤ ਨਾਨਤ ਨੂੰ ਬੁੱਤ ਜਾਗੇ ਜਿੰਦ ਹੈ,
ਪਰ ਬੁੱਤ ਹਾਲੇਂ ਨਿਰਜਿੰਦ ਸੀ,
ਰੱਬ ਵੇਖਿਆ-ਨ ਆਰਟ, ਨ ਫਿਲਸਫਾ,
ਨ ਇਲਮ, ਨ ਬੇ ਇਲਮੀ,
ਨ ਰਾਗ, ਨ ਰੰਗ, ਇਸ ਮਿੱਟੀ
ਦੇ ਢੇਲੇ ਦੇ ਅੰਦਰ ਕੋਈ
ਜਿੰਦ-ਸੱਟ ਮਾਰਦੀ,
ਰੱਬ ਨੂੰ ਔੜਕ ਇਹ ਬਣੀ ਸੀ, ਤਦ ਮੁੜ ਸਿੱਖਜਾ
ਰੱਬ ਆਪ ਲਈ,
ਇਸਥੋਂ ਤੰਗ ਜਿਹਾ ਹੋਕੇ, ਕਰਤਾਰ ਆਪ ਬੁੱਤ ਜਿਹਾ
ਹੋਕੇ, ਅੰਦਰ ਧੁਰ ਵੜਿਆ, ਬੁੱਤ ਨੂੰ ਹੱਥ ਨਾਲ
ਝੰਝੂਣਦਾ !!
ਖਾ ਝੰਝੂੜਾ ਜਾਗਿਆ, ਮਿੱਟੀ ਦਾ ਬੁੱਤ,
ਨੂਰ ਦਾ ਪੁਤਲਾ, ਚਮਕਦਾ !!
ਤੇ ਜਦ ਜਾਗਿਆ ਬੁਤ ਮਿੱਟੀ ਦਾ,
ਸ਼ਾਦਜ਼ਾਨੇ ਚੌਹਾਂ ਕੂੰਟਾਂ ਤੇ ਵੱਜੇ,
ਤੇ ਵੱਜੀਆਂ ਲੱਖ ਵੰਬਕ ਢੋਰੀਆਂ,
ਗਗਨ ਫੁੱਲਾਂ ਦੇ ਹੜ੍ਹ ਹੋ ਵਰੇ, ਬਰਖਾ
ਹੋਈ ਚਾਰ ਚੁਫੇਰੀਆਂ,
ਕਰਤਾਰ ਦਾ ਜੱਗ ਪੂਰਣ ਹੋਯਾ, ਸੰਖ ਵੱਜੇ,
ਦਮਾਮਿਆਂ ਤੇ ਚੋਟ ਲੱਗੀ,
ਸਬ ਸਾਜ ਆਫ ਹੋਏ ਇਕ ਸੁਰ,
ਜਗਤ ਸਾਰਾ ਪਿਆਰ-ਰਾਗ ਜਾਗਿਆ,



Digitized by Panjab Digital Library | www.panjabdigilib.org

ਤਾਂ ਕਰਤਾਰ ਆਖਿਆ :-
ਇਸ ਜੀਂਦੇ ਬੁਤ ਨੂੰ ਮੇਰੇ,
ਜੀਂਦਾ ਬਸ ਰੱਖਣ ਲਈ
ਸਭ ਕੁਦਰਤ ਦਾ, ਤੇ ਮਨ ਦਾ ਸਾਜ, ਰੰਗ-ਰਾਗ
ਬਖਸ਼ਿਆ,

.... .... ....

.... .... ....

੩.

ਸੋ ਤਦ ਥੀਂ ਜੀਂਦੇ ਲਈ
ਸਭ ਆਰਟ ਦਾ ਸਾਮਾਨ ਹੈ,
"ਰਸਿਕ ਬੈਰਾਗੀ" ਸਾਹਿਬ ਆਖਦੇ,

.... .... ....

ਪਰ ਮਤੇ ਕੋਈ ਭੁਲ ਵੱਜੇ !
ਧਰਮ, ਕਰਮ, ਸਾਧਨ, ਤਪ,
ਦਾਨ, ਇਸ਼ਨਾਨ, ਰਾਗ, ਰੰਗ,
ਨਾਚ, ਮੁਜਰਾ, ਨਟੀ, ਨਾਟਕ,
ਚਿੱਤ੍ਰਕਾਰੀ, ਗਾਯਨ,
ਬੁੱਤ-ਪੂਜਾ, ਰੇਖਾਂ ਨੂੰ ਪਰਖਣਾ,
ਮੱਥਿਆਂ ਨੂੰ ਜੋਖਣਾ,
ਆਰਟ, ਯੋਗ-ਫਿਲਸਫ਼ਾ:-
ਇਹ ਕੋਈ ਵੀ ਸਮਰੱਥ ਨਹੀਂ, ਅੰਨ੍ਹੇ ਨੂੰ ਅੱਖ ਦੇਣ



Digitized by Panjab Digital Library | www.panjabdigilib.org

ਬੋਲੇ ਨੂੰ ਕੰਨ ਦੇਣ, ਲੂਲ੍ਹੇ ਨੂੰ ਬਾਹਾਂ ਦੇਣ, ਮੁਰਦੇ ਨੂੰ ਜ਼ਿੰਦਗੀ ॥

.... .... ....

ਇਹ ਸਬ ਵਸਤੂ ਹਨ,
ਨਹੀਂ, ਸਾਮਿਗਰੀ,
ਜਿਹੜੀ ਰਬ ਨੇ ਬਖਸ਼ੀ,
ਰੱਬੀ ਤਾਰ ਵਿਚ ਲਟਕਦੀ ਜਿੰਦ ਨੂੰ,
ਆਵੇਸ਼ ਦੀ ਨੈਣ ਨੂੰ,
ਸੱਚੀ ਰੱਬ ਲਈ ਇਹ ਸਬ ਕੁਝ ਹੈ,
ਬੰਦਾ ਐਵੇਂ ਮਰਦਾ, ਲਾਲਸਾ ਕਰ ਕਰਕੇ,
ਬੰਦੇ ਦਾ ਸਬ ਇਹ ਦੁਖ ਹੈ, ਮੌਤ ਹੈ,
ਰਬ ਦੀ ਸਬ ਇਹ ਸੁਖ ਹੈ, ਜੀਵਨ ਸੁਤੰਤ੍ਰਤਾ, ॥
ਇਹ ਬੇਤਰਸ ਜਿਹਾ ਸੂਖਮ ਕੋਈ ਭੇਤ ਹੈ,
ਮਨ ਦੀਆਂ ਸੋਚਾਂ ਨੂੰ ਸਦਾ ਸੱਟ ਮਾਰਦਾ ॥

# ੧੩–ਕਿਰਤ–ਹੁਨਰ ਦੀ ਹੂੱਪ ਕੂਕਦੀ

੧.

ਕਿਰਤ–ਹੁਨਰ, ਨਿਰਾ, ਨਿਰੋਲ, ਨਿਰਮਲ, ਸਫਟਕਮਣੀ ਵਰਗਾ, ਰੱਬੀ ਆਵੇਸ਼ ਹੈ !
ਸੁਨੇਹੇ ਚਮਕਣ ਦਮ ਬਦਮ ਇੱਥੇ ਪ੍ਰੀਤਮ–ਪਿਆਰ ਦੇ,
ਆਪਣੇ ਅੰਦਰ ਦੇ ਕਰਤਾਰੀ ਰੰਗਾਂ ਨੂੰ, ਸੁੱਟੇ ਬਾਹਰ



Digitized by Panjab Digital Library | www.panjabdigilib.org

ਅਨੰਤ ਅਕਾਸ਼ ਉੱਤੇ, ਪ੍ਰਕਾਸ਼ ਲਾਲ, ਲਾਲ,
ਅੰਦਰ ਦੇ ਪੂਰਬ ਦਾ,
ਝਲਕਾਂ ਮਾਰਦਾ ਇਉਂ ਖੜ੍ਹਾ ਸਾਹਮਣੇ, ਨਕੋ-ਨਕ
ਭਰਿਆ, ਰਸ ਦਾ ਕੰਵਲ ਕਟੋਰਾ ॥

.... .... ....

.... .... ....

ਮੈਂ ਆਪ ਹਾਂ ਆਪਣੀ ਸੁਹਣੱਪ ਵਿਚ,
ਫੁੱਲ-ਵੇਲ ਨਾਲ ਲੱਗਾ ਝੂਮਦਾ, ਰਸ-ਤ੍ਰੇਲ ਡੁਹਲਦਾ;
ਨੈਣਾਂ ਨੈਣਾਂ ਵਿਚ ਕਿਸੀ ਦੇ ਗਈਆਂ ਗੱਡੀਆਂ,
ਮੈਂ ਲਾਲ ਭਖ, ਭਖ ਕਰਦਾ ਝੁਝੂ ਝੂੰ ਕੀਤੀ ਨਜ਼ਰ
ਹਾਂ ॥
ਮੈਂ ਵਗਦਾ ਨਿਰਮਲ ਨੀਰ ਹਾਂ, ਸਭ ਕੁਝ ਵੱਸਦਾ ਮੇਰੀ
ਡੂੰਘੀ, ਡੂੰਘੀ ਛਾਤੀ ਵਿਚ, ਮੈਂ ਇਕ ਨੂੰ ਅਨੇਕ
ਲਹਰਾਂ ਵਿਚ ਉਛਾਲਦਾ,

.... .... ....

.... .... ....

ਧਜਾਨ] ਦੀ ਸੁਹਣੱਪ ਨੂੰ ਮੈਂ ਨੈਣ ਖੋਹਲ ਵੇਖਦਾ
ਮੇਰੇ ਨੈਣ ਓਹ ਫੁੱਲ ਦੇ ਬਨਫਸ਼ਾ ਜਿਨ੍ਹਾਂ ਨੂੰ
ਪਿਆਰ ਰਸ਼ਮੀ ਖੋਲ੍ਹਦੀ,

.... .... ....

.... .... ....

ਬਣਨ, ਹੋਣ, ਜੀਣ ਦਾ ਕਰਿਸ਼ਮਾ,
ਬੀਂਣ ਅਬੀਂਣ ਜਿਹੀ ਵਿਚ ਰੱਬ-ਕਰਾਮਾਤ ਹੈ,



Digitized by Panjab Digital Library | www.panjabdigilib.org

ਮੈਂ ਹੈਰਾਨ ਹੋ ਹੋ ਵੇਖਦਾ,
ਜਿਹੜਾ ਖੁਲ੍ਹੇ, ਘੁੰਡ ਵੀ ਸਦਾ ਲੁਕਿਆ,

.... .... ....

.... .... ....

੨.

ਕਿਰਤ–ਉਨਰ ਪੁੱਛਦਾ–
ਦਸ ਖਾਂ ਮਨੁੱਖਾ !
ਤੂੰ ਮਨੁੱਖ ਕਿੰਨਾਂ ਹੈਂ ?
ਮਨੁੱਖਤਾ ਕਿੰਨੀਕੁ ਆਈ ਤੇਰੇ ਵਿਚ?
ਓਹ ਕੀ ਦੇਖਣਾ ਜੋ ਰੋਜ ਨੈਣ ਤੱਕਦੇ,
ਦਸਖਾਂ ਤੂੰ ਜੇ ਬੰਦਾ ਆਜ਼ਾਦ ਹੈਂ ?
ਕੁਦਰਤ ਦੇ ਦਿਲ ਵਿਚ ਕੀ ਛੁਪਿਆ ?
ਤੇਰੇ ਦਿਲ ਵਿਚ ਕੀ ਹੈ ?
ਪਰ ਮਨੁੱਖ ਵਾਂਗ ਦੱਸੀਂ,
ਜਿਨੂੰ ਵੇਖਦੇ ਹੀ ਸਵਾਲ ਸਾਰੇ ਉਦ ਪੈਂਦੇ,
ਰਸ ਚੋਣ ਲਗ ਜਾਂਦਾ ਆਪ ਮੁਹਾਰਾ ਰੋਮ ਰੋਮ ਥੀਂ,
ਨੈਣਾਂ ਰਾਹੀਂ, ਹੱਥਾਂ ਰਾਹੀਂ, ਪੈਰਾਂ ਰਾਹੀਂ,
ਤੇ ਮੁੜ ਪੁੱਛਕੇ ਹੋਠਾਂ ਨੂੰ ਸ਼ਹਦ ਮੁਹਰ ਵੱਜਦੀ ॥
ਵੇਖੀਂ ਗਲਾਂ ਓਹ ਨ ਛੇੜੀਂ ਜਿਹੜੀਆਂ ਛਿੜ ਆਪੇ
ਜਿਹੀਆਂ ਹੋਰ ਛੇੜਦੀਆਂ,
ਗੱਲਾਂ ਨਾਲ ਜੀ–ਪੇਟ ਨਹੀਂ ਭਰਦਾ,

.... .... ....

.... .... ....



Digitized by Panjab Digital Library | www.panjabdigilib.org

ਵੇਖਣਾ ਮੰਨਣਾ ਹੈ,
ਵਿਖਾ, ਜਿਹੜਾ ਤੂੰ ਕੁਛ ਸੁਣਿਆਂ,
ਤੇਰੇ ਵਿਚ ਵੇਖ ਅਸੀਂ ਮੰਨੀਏਂ?

.... .... ....

.... .... ....

ਕਿਰਤ–ਹੁਨਰ ਆਖਦਾ–
ਮੈਂ ਰੱਬ ਦੇ ਬੰਦੇ ਬਲਦੇ ਦੀਵੇ ਦਾ ਪਰਛਾਵਾਂ ਹਾਂ
ਓਹਦੇ ਪਿੱਛੇ ਖਲੋ ਜਲੋ ਵੇਖਦਾ, ਪਰ ਉਸ
ਬਿਨਾਂ ਮੈਂ ਹੈ ਨਹੀਂ ||

.... .... ....

.... .... ....

ਮੈਂ ਆਪਣੀ ਲਿਖਤ ਆਪ ਪਛਾਣ ਨ ਸਕਦਾ,
ਪਤਾ, ਕੌਣ ਲਿਖ ਗਿਆ ਹੈ?
ਆਪ ਲਿਖ, ਮੈਂ ਆਪ ਵਾਚਦਾ,
ਆਵੇਸ਼ ਪਤਾ ਨਹੀਂ ਕਿਸਦਾ?
ਓਹ ਲਿਖਦਾ, ਕਲਮ ਲਿਖਦੀ, ਮੈਂ ਨਹੀਂ ਲਿਖਦਾ,

.... .... ....

.... .... ....

ਮੈਂ ਓਹ ਆਵੇਸ਼ ਹਾਂ,
ਗਾਉਂਦਾ ਆਉਂਦਾ,
ਸਿਤਾਰ ਬਜਾਣ ਵਾਲੇ ਦੀ ਗੱਤ ਰੋਕਦਾ,
ਬਜਾਏ ਓਹ 'ਆਸਾ' ਵੱਜੇ 'ਸੋਹਣੀ',



Digitized by Panjab Digital Library | www.panjabdigilib.org

ਮੁੜ ਵਜਾਏ 'ਆਸਾ' ਮੁੜ ਮੁੜ ਵਜੇ 'ਸੋਹਣੀ',

.... .... ....

.... .... ....

ਮੈਂ ਚਿਤ੍ਰਕਾਰ ਦਾ ਬੁਸ਼ ਆਪ ਫੜਦਾ, ਰੰਗ ਮੈਂ ਘੋਲਦਾ,
ਮੇਲਦਾ,
ਅਸਲ ਚਿਤ੍ਰ ਓਹ ਜਿਹੜਾ ਪ੍ਰੀਤਮ ਜੀ ਆਏ ਖਿਚਕੇ
ਗਏ ਹੁਣੇ ਚਿਤ੍ਰਕਾਰ ਆਖੇ ਮੈਂ ਖਿੱਚਿਆ ||

.... .... ....

ਕਿਰਤ ਉਨਰ ਆਖਦਾ,
ਮੇਰੇ ਵੱਸ ਕੁਛ ਨਹੀਂ,

.... .... ....

.... .... ....

ਮੈਂ ਅੰਦਰ ਦੀ ਸ੍ਵੈਤੰਤ੍ਰਤਾ,
ਆਜ਼ਾਦੀ ਮੇਰੀ ਪੂਰਾ ਭਰਿਆ ਰਸ ਹੈ ਜੇਹੜਾ ਗੁਰੂ
ਅਰਜਨ ਛੋਕ ਚਖਾਉਂਦਾ,
ਆਜ਼ਾਦੀ ਮੇਰੀ ਖੁੱਸੇ,
ਮੇਰੇ ਹੱਥ ਪੈਰ ਟੁੱਟਦੇ,
ਅੰਗ ਮੁੜ ਮੁੜ ਜਾਂਦੇ,
ਗੁਰੂ ਫਰਮਾਉਂਦਾ,

.... .... ....

.... .... ....

ਓਹ ਫੁੱਲ ਭਾਵੇਂ ਡੰਡੀ-ਜਕੜਿਆ,



Digitized by Panjab Digital Library | www.panjabdigilib.org

ਪੂਰਾ ਆਜ਼ਾਦ ਹੈ ਜਿਹਦਾ ਮੂੰਹ ਤ੍ਰੇਲ ਨਾਲ ਭਰਜਾ,
ਬੋਲ ਨ ਸਕਦਾ,
ਦੂਆ ਵੰਗ ਖੁਲਜਾਰ ਉੱਡਿਆ ਆਜ਼ਾਦ ਹੋਣ ਨੂੰ
ਸੁੱਕਕੇ ਢੱਠਾ ਭੋਂ ਤੇ, ਮਿੱਟੀ ਨਾਲ ਰਲ ਮਿੱਟੀ
ਹੋਯਾ,

.... .... ....

.... .... ....

ਮੋਇਆਂ ਲੋਕਾਂ ਕੀ ਆਜ਼ਾਦੀ ਦਾ ਰਸ ਚੱਖਣਾਂ ?
ਰਸ ਭਰਿਆਂ ਨੂੰ ਮੁੜ ਕਿਸ ਜ਼ੰਜੀਰਾਂ ਘੱਤਣੀਆਂ,

.... .... ....

.... .... ....

ਕਿਰਤ–ਉਨਰ ਆਖਦਾ:–
ਮੈਂ ਤਾਂ ਪਿਆਰ ਕਰਦਾ ਇਨ੍ਹੂੰ ਬੁੱਤਾਂ ਸ਼ੁੱਤਾਂ ਨੂੰ
ਮਤੇ ਕਿਸੀ ਦੇ ਚਰਨ ਵਿਚ ਛੁਪੇ ਓਹਦੇ
ਚਰਨ ਹੋਣ,
ਜਿਹਦੀ ਤਲਾਸ਼ ਮਾਰਦੀ,
ਖਾਲੀ ਪੁਲਾੜਾਂ ਨੂੰ ਫਾੜ ਫਾੜ,
ਅੱਖਾਂ ਹੱਥਾਂ ਵਿਚ ਫੜਾਂਦੀ,
ਤੇ ਫੜਾ ਫੜਾ ਮੁੜ, ਮੁੜ ਹੱਸਦੀ,
ਹੋਣੀ ਜੇਹੀ ਹੋਕੇ ਮਰਜਾਣੀ,
ਖਿਚਕਿਲੀ ਮਚਾਉਂਦੀ, ਮਜ਼ਾਖਾਂ ਕਰਦੀ ॥

.... .... ....

.... .... ....



Digitized by Panjab Digital Library | www.panjabdigilib.org

ਮੈਂ ਤਾਂ ਇਨ੍ਹਾਂ ਚਿਤ੍ਰਾਂ ਮਿਤ੍ਰਾਂ ਨੂੰ ਵੇਖਦਾ ਹਾਂ ਪੂਰੀ
ਨੀਝ ਲਾ,
ਮਤੇ ਬੇ ਪਤੇ ਦਾ ਕੋਈ ਪਤਾ ਦੇ ਉੱਠੇ,
ਮੈਂ ਤਾਂ ਕਿਸੀ ਪਿਆਰੀ, ਮਿੱਠੀ ਤਾਨ ਦੀ ਹੁਵਾਈ
ਲਚਕ ਨੂੰ ਉਡੀਕਦਾ,

.... .... ....

.... .... ....

# ੧੪—ਸੁਰਤਿ ਤੇ ਹੰਕਾਰ

## Consciousness ਤੇ Ego

੧.

ਮੈਂ ਸੱਚੀਂ, ਬਾਲਦੀ 'ਮੈਂ' ਵਾਂਗ,
ਆਪਾ ਭੁੱਲੀ ਵਿਚਰਦੀ,
ਬਲ ਭਰਦਾ ਮੈਂ ਵਿਚ ਤਦ ਹੀ,
ਜਦ ਓਹ ਮੈਂ—ਪੁਣਾਂ, ਮੈਂ—ਹੋਣਾ ਵਿਸਰਦੀ,
ਬੇਹੋਸ਼ ਜਿਹੀ 'ਮੈਂ' ਪੂਰੀ ਹੋਸ਼ ਵਾਲੀ,
ਸੁੱਤੀ, ਸੁੱਤੀ ਮੈਂ, ਠੀਕ ਤਾਂ ਜਾਗਦੀ,

.... .... ....

.... .... ....

ਜਿਸਮ ਜਿਵੇਂ ਨੀਂਦਰ ਪਾਲਦੀ,
ਤਿਵੇਂ ਮੈਂ ਦੀ ਨੀਂਦਰ ਇਕ ਰਸੀਲੀ ਅਸਚਰਜਤਾ,
ਨੈਣ ਅੱਧੇ ਮੀਟੇ, ਅੱਧੇ ਲਗਨ ਜਾ ਰਸ ਭਾਰੇ ਛੱਪਰਾਂ



Digitized by Panjab Digital Library | www.panjabdigilib.org

ਹੇਠ ਹੇਠ, ਆਪਣਿਆਂ, ਅੱਧੇ ਜਾ ਲੱਗਦੇ ਗਗਨਾਂ
ਹੇਠ, ਹੇਠ ਉਸਦਿਆਂ,

.... .... ....

.... .... ....

ਇਕ ਸੁਖ ਦੀ ਲਾਟ ਨਿਕਲਦੀ,
ਉਰਧ-ਕਮਲ ਇਨੂੰ ਸਾਹਿਬ ਆਖਦੇ,
ਪੂਰਬ ਦੇ ਸਾਰੇ ਫਕੀਰ-ਪਾਰਖੀ,
ਅੱਧ-ਮੀਟੀ ਅੱਖ, ਧਿਆਨ
ਸਥਿੱਤ ਸੁਰਤਿ ਨੂੰ ਪੂਰਾ ਪਛਾਣਦੇ !

.... .... ....

.... .... ....

ਅਨੰਦ-ਸਾਗਰ ਦਿਲ ਦੀਆਂ ਕਿੰਗਰੀਆਂ ਤੇ ਵੱਜਦਾ,
ਕੰਵਲ ਸਾਰੇ ਖਿਲਦੇ, ਤਰਦੇ, ਹੱਸਦੇ,
ਧਿਆਨ ਦੀ ਖੁਸ਼ੀ-ਸਰਵੱਗਜਤਾ,
ਮਸਤੀ ਪਿਆਰ ਦੀਆਂ ਲਾਲੀਆਂ
ਪਾਣੀਆਂ ਤੇ ਤਰਦੀਆਂ ||

.... .... ....

.... .... ....

ਰੌਣਕ ਅੰਦਰ ਦੀ ਨੈਣਾਂ ਨੂੰ ਮੁੜ ਮੁੜ ਜੋੜਦੀ,
ਦਿਲ ਜੋੜਦੀ, ਸੁਹਣੱਪ ਖੁਲ੍ਹੀ ਫਿਰਦੀ,
ਇਹ ਬੱਝਣ ਕਲੀ- ਅੱਧਖਿੜੀ ਦਾ ਆਬਾਦੀ, ਇਹ
ਸ਼ਰਮਾਂ ਡੂੰਘੀਆਂ ਰਹਸਜ ਜੀਣ, ਥੀਂਣ ਦਾ ||

.... .... ....



Digitized by Panjab Digital Library | www.panjabdigilib.org

ਭਰੀਆਂ ਨਕੋਨਕ ਮੇਰੇ ਨੈਣਾਂ ਦੀਆਂ ਕਟੋਰੀਆਂ,
ਤੇ ਸੁਹਣੱਪ ਵੱਸੇ ਨਿੱਕਾ ਨਿੱਕਾ ਮੀਂਹ ਹੋ ਖੁਲ੍ਹਮਖੁਲ੍ਹੀਆਂ,

.... .... .... 25

.... .... ....

ਅੱਧੇ ਮੀਟੇ ਨੈਣ ਮੇਰੇ ਮਾਲਕ ਦੀਆਂ ਮੱਛੀਆਂ,
ਤਾਰੀਆਂ ਲੈਣ ਓਹ ਸ਼ੁਕਰ ਸ਼ੁਕਰ ਕਰਦੀਆਂ,
ਮਿਹਰ ਦੀਆਂ ਛੁਹਬਰਾਂ।
ਤੇ ਖਿੱਚਦਾ ਉਤਾਹਾਂ ਨੂੰ, ਨਾਲ ਨਿੱਕੀਆਂ ਨਿੱਕੀਅ
ਡੋਰੀਆਂ।
ਖਿੱਚੇ ਨੈਣਾਂ ਥੀਂ ਸੁਾਦ ਮੱਥੇ ਨੂੰ ਲਪਕਦਾ,
ਸੁਰਤਿ ਮਗਦੀ, ਉੱਠਦੀ, ਸਿੱਧੀ ਹੁੰਦੀ,
ਚੁੱਮਦੀ ਚਰਨ ਸੋਹਣੇ ਸੋਹਣੇ ਪਿਆਰੇ ਦੇ

.... .... ....

.... ....

੨.

ਸੁਰਤਿ ਇਸ ਖਿੱਚੇ ਖਿੱਚੇ ਸੁਵਾਦ ਵਿਚ
ਸ੍ਵੈ ਸਿੰਘਾਸਨ ਬੈਠੀ, ਲਹਰਦੀ,
ਅਧ ਮੀਟੇ ਨੈਣ ਇਹ,
ਖਿਚੀ,ਖਿਚੀਂਦੀ ਤਰਬ ਦੀ ਤਾਨ ਜਿਹੀ,
ਇਹ ਤਾਰ ਰਬਾਬ ਦੀ,
ਮੁੜ ਮੁੜ ਸਾਈਂ ਕੱਸਦਾ,
ਮੁੜ ਮੁੜ ਕਸੀਂਦੀ, ਕੰਬਦੀ,

DEPT. OF LANGUAGES PUNJAB, PATIALA 25



Digitized by Panjab Digital Library | www.panjabdigilib.org

ਹਵਾਵਾਂ ਦੇ ਸਵਾਸ ਛੇੜਨ,
ਦਿਨ ਰਾਤ ਗਾਂਦੀ ਅੱਠ ਪਹਰੀ ਰਸ ਦਾ ਰਾਗ ਇਹ,
ਇਹ ਨਸ਼ੀਲੀ,ਰੰਗੀਲੀ,ਭੁੱਲੀ, ਭੁੱਲੀਸੁਪਨ–ਫੁਲ ਕੱਜੀ
ਕੱਜੀ ਸੁਰਤਿ ਇਹ,
ਬੱਝੀ, ਬੱਝੀ ਖਿੜੀ ਖਿੜੀ, ਹਰੀ, ਹਰੀ, ਰਸੀਲੀ,
ਸੁਰਤਿ ਇਹ,
ਸਿੱਖ ਦੀ ਅਣਗੋਲੀ ਜਿਹੀ, ਹੌਲੀ ਜਿਹੀ, ਵੇਲੀ ਜਿਹੀ
ਮੈਂ ਹੁੰਦੀ !!

.... .... ....

.... .... ....

੩.

ਇਹ 'ਸਾਧ–ਮੈਂ' ਪਿਆਰੀ,
ਸੁਰ, ਅਚਰ ਵੇਖ ਖੁਸ਼ਦੇ,

.... .... ....

.... .... ....

ਮ੍ਰਿਗਾਂ ਦੇ ਸਿੰਗ ਇਹਦੀ ਨੰਗੀ–ਪਿਠ ਖੁਰਕਦੇ,
ਚਿੜੀਆਂ ਇਹਦੇ ਨੈਣਾਂ ਥੀਂ ਰਸ–ਬੂੰਦਾਂ ਟਪਕਦੀਆਂ
ਪੀਂਦੀਆਂ, ਪੀ, ਪੀ, ਟੱਜਦੀਆਂ, ਮੂੰਹ ਉੱਪਰ
ਫੁਟਦੀਆਂ ਤੱਕਦੀਆਂ, ਘੁੱਟ, ਘੁੱਟ ਭਰਦੀਆਂ,
ਸੁਆਦਦੇ, ਫਿਰ ਭਰਥਰੀ ਜੀ ਵੀ ਆਖਦੇ :–

.... .... ....

ਇਨ੍ਹੂੰ ਅਧਮੀਟੀ ਅੱਖ ਵਾਲੀ ਸੋਹਣੀ ਰਾਣੀ ਨੂੰ,
ਸਬ ਥਾਂ, ਸਬ ਚਾ, ਸਬ ਰਸ ਸਤਕਾਰਦੇ,



Digitized by Panjab Digital Library | www.panjabdigilib.org

ਚੁਗਿਰਦੀ ਚਲਦਾ ਇਹਦੇ ਪ੍ਰਭਾਵ ਇਕ ਠੰਢ ਦਾ,
ਇਹ ਰਾਣੀ ਟੁਰਦੀ ਸੁਖ ਦਾ ਮੀਂਹ ਪਾਂਵਦੀ,
ਇਹਦੀ ਬਾਹਾਂ ਦੇ ਉਲਾਰ ਥੀਂ ਰਸ-ਬੂੰਦਾਂ
ਢੰਹਦੀਆਂ,
ਇਹਦੀ ਹੰਸ ਚਾਲ,ਲੱਖਾਂ ਨੂੰ ਮਾਰ,ਮਾਰ ਛੱਲਦੀ॥

.... .... ....

.... .... ....

ਬੁਧ-ਵੇਲੇ ਦੀ ਉਨਰ ਦੀ ਅੱਖ ਇਹ,
ਨਿਰਵਾਨ ਸੁਖ ਪਾਇ ਮਨੁੱਖ ਦੀ ਅੱਖ,
ਇਹ ਮੈਂ ਦਾ 'ਅਮੈਂ' ਜਿਹਾ ਸੱਚਾ ਸਰੂਪ ਹੈ,

.... .... ....

ਇੱਥੇ 'ਮੈਂ' 'ਮੈਂ' ਨ ਸੋਭਦੀ,
ਇੱਥੇ 'ਮੈਂ' 'ਮੈਂ' ਨੂੰ ਨ ਪਾਲਦੀ,
ਮੈਂ ਬੱਸ ਇਕ ਮੌਜ ਅਕਹ ਅਨੰਦ ਦੀ, ਨਿੱਕੀ ਨਿੱਕੀ
ਰਵੀ, ਰੁਮਕੇ ਸਮੁੰਦਰਾਂ ਤੇ, ਸਮੁੰਦਰਾਂ ਦੇ ਸਮੁੰਦਰ
ਬੱਝੇ ਖੜੇ ਅਧਮੀਟੀ ਅੱਖ ਵਿੱਚ॥
ਅਨੰਤ ਜ਼ੋਰ, ਅਨੰਤ 'ਹੈ', ਅਨੰਤ ਰਸ ਇੱਥੇ, ਸਖੇਪਤ
ਰਸ ਮਾਣਦਾ,
ਬਲਵਾਨ ਰੱਬ ਸਾਰਾ ਬੇਅੰਤ, ਬੇਨਿਆਜ਼ ਪਿਆਰਾ,
ਇਸ ਅਧਖਿੜੇ ਫੁੱਲ ਦੀ ਗੋਂਦ ਵਿੱਚ ਸਾਰਾ
ਸਮਾਉਂਦਾ॥

.... .... ....

.... .... ....



Digitized by Panjab Digital Library | www.panjabdigilib.org

## ੪.

ਭੁੱਲਾ 'ਨਿਤਸ਼ੇ'
ਭੁੱਲਾ 'ਇਕਬਾਲ' ਪੰਜਾਬ ਦਾ,
ਹੰਕਾਰ ਨੂੰ ਜਗਾਣਾ,
ਹੈ ਕਮਜ਼ੋਰ ਕਰਨਾ ਬਲਵਾਨ ਨੂੰ,
ਹੰਕਾਰ ਨੂੰ ਆਖਣਾ ਸ਼ੇਰ ਤੂੰ,
ਇਹ ਟੇਕ ਕੱਖ ਦੀ,

.... .... ....

ਸ਼ੇਰ ਵਾਂਗ ਉਠਾਣਾ ਇਨੂੰ,
ਨਿੱਕੇ ਮ੍ਰਿਗਾਂ ਨੂੰ ਮਾਰਨਾ,
ਮਾਰ, ਮਾਰ, ਕੀ ਸੁਰਤਿ ਪਲਦੀ ?
ਹੰਕਾਰ ਪਲਦਾ, ਮੋਟਾ ਸ਼ਰੀਰ ਵਾਂਗ,
ਬੱਕਰਾ ਕਾਲਾ ਠੀਕ ਇਹ ਜੰਮਦਾ।

.... .... ....

.... .... ....

ਸੁਰਤਿ ਤਾਂ ਗੁਲਾਬ ਦੀ, ਸੁਬ੍ਹਕ ਕਹਰ ਦੀ, ਹੱਸਦੀ ਆਂਦੀ,
ਹੱਸਦੀ ਜਾਂਦੀ ਵੰਹਦੀ ਵੀ ਸੁਗੰਧ ਖਿਲਾਰਦੀ,
ਰੱਤ ਪੀਣੀ, ਮਾਸ ਖਾਣੀ ਚੀਤੇ ਦੀ ਸੁਰਤਿ ਨੇ, ਕੀ
ਪਿਆਰ ਸੁਗੰਧ ਪਛਾਣਨੀ,
ਹਾਂ ਸੁਰਤਿ ਤਲਵਾਰ ਹੈ, ਬਿਜਲੀ ਹੈ, ਬੱਝੀ ਕਿਸੀ
ਹੁਕਮ ਦੀ,

.... .... ....

.... .... ....



Digitized by Panjab Digital Library | www.panjabdigilib.org

ਪੱਕੀ ਰਬੀਲੀ, ਰਸੀਲੀ, ਕਿਸੀ ਸੁਰਤਿ ਦਾ ਨਾਮ ਲੇ, ਲੇ,
ਹੰਕਾਰ ਦੇ ਸੁਨਿਹੇ ਦੇਣੇ,
ਇਹ ਨਿਗੁਰੀ ਬੱਸ ਚਾਲ ਹੈ

.... .... ....

.... .... ....

ਜੇ ਸਿਰ ਤੇ ਗੁਰੂ ਖੜਾ ਹੈ ਸੂਰਮਾਂ,
ਸਿਦਕ ਦੀ ਮਿੱਠੀ ਨੀਂਦਰ ਸੋਣਾਂ ਬੱਸ ਕਮਾਲ ਹੈ,
ਝੂਲ ਰਬ ਅੱਡਦਾ, ਬੱਚੇ ਨੂੰ ਪਿਆਰਦਾ,
ਇਹ ਬਾਲ-ਸੁਰਤਿ ਦੁੱਧ ਆਪਣੀ ਛਾਤੀਓਂ ਪਿਲਾ,
ਪਿਲਾ, ਪਾਲਦਾ,
ਸੁਰਤਿ ਪੁੱਲਦੀ ਸਦੀਆਂ ਲੰਮਾ, ਗੁਰੂ-ਪਿਆਰ, ਖਾ, ਖਾ,
ਨਿਰੀ ਗੀਤ ਦੀ ਹੂੰਕਾਰ ਕੀ ਸੰਵਾਰਦੀ ?

.... .... ....

.... .... ....

ਸੁੱਤਿਆਂ ਸੁੱਤਿਆਂ ਆਵੇਸ਼ ਕੋਈ ਬੱਸ ਬਲ ਹੈ, ਜਿਨੂੰ
'ਨਿਤਸ਼ੇ' ਤੇ 'ਇਕਬਾਲ' ਵੰਗਾਰਦਾ, ਆਪਣੇ ਕੀ
ਵੱਸ ਹੈ, ਸਵਾਏ ਸੁੱਕੇ ਹੰਕਾਰ ਦੇ,
ਸੁਰਤਿ ਸੁਤੀ ਵਿਚ ਆਵੇਸ਼ ਆਵੇ,
ਇਹਦਾ ਹੜ, ਕੌਣ ਠੰਮ੍ਹਦਾ ? ਕਦੀ ਕਦੀ ਗੁਰੂ ਦੀ
ਸ਼ਰਨ ਸੁੱਤੀ ਸੁਰਤਿ ਵਿਚ ਬਲ--ਹੜ ਆਉਂਦਾ॥

.... .... ....

.... .... ....

ਫਰਾਂਸ ਦੀ ਕੰਵਾਰੀ ਆਰਲੀਨ ਦੇ ਆਵੇਸ਼ ਵਾਂਗ,



Digitized by Panjab Digital Library | www.panjabdigilib.org

ਭੇਡਾਂ ਚਰਾਂਦੀ ਪੇਂਡੂ-ਕੁੜੀ, ਸੁਫਨਿਆਂ ਦੀ ਜੂਬਕ ਜਿਹੀ
ਪੁਤਲੀ,
ਪੈਲੀਆਂ ਪਹਾੜੀਆਂ ਵਿਚ ਫਿਰਦੀ ਰਬ, ਰਬ ਕਰਦੀ,
ਸੁਤੀ, ਸੁਤੀ, ਨੂੰ ਕੋਈ ਆਖਦਾ-ਉੱਠ ਕਾਕੀ ! ਫੜ
ਤਲਵਾਰ, ਬੰਰ ਤੂੰ, ਲੈ ਇਹ ਤਲਵਾਰ ਮੈਂ
ਦਿੰਦਾ, ਫੜ, ਜਾ, ਕੱਪੜੇ ਜਰਨੈਲ ਦੇ ਪਾ ਤੂੰ !
ਮਾਰ ਵੈਰੀ, ਧੱਕ ਪਿੱਛੇ, ਮਰ ਜਾਹ ਤੂੰ, ਫਰਾਂਸ ਨੂੰ
ਇਕ ਔੜਕ ਥੀਂ ਬਚਾ ਤੂੰ !!'
ਉੱਠੀ ਡਰਦੀ, ਡਰਦੀ,
ਗਈ, ਕੜਕੀ ਵਾਂਗ ਲੱਖਾਂ ਬਿਜਲੀਆਂ,
ਫੌਜਾਂ ਸਾਰੀਆਂ ਉਹਦੀਆਂ ਫਰਾਂਸ ਦੀਆਂ,
ਤੇ ਗਈ ਲੜਦੀ, ਫਤਹ ਗਜਾਂਦੀ,

.... .... ....

ਸਰੀਰ ਲੋਕਾਂ ਭੁੰਨਿਆਂ ਅੱਗ ਵਿਚ,
ਆਖਿਆ-ਇਹ ਜਾਦੂਗਰਨੀ,
ਪਰ ਅੱਗ ਦੀਆਂ ਲਾਟਾਂ ਵਿਚ, ਇਕੋ ਓਹੋ ਲਾਟ ਬਲਦੀ
ਬਾਕੀ ਸਭ ਅੱਗਾਂ ਹਿਸੀਆਂ (ਝੁਝੀਆਂ) ||
ਫਤਹ, ਫਤਹ, ਗਜਾਂਦੀ ਗਈ ਟੁਰ, ਦੇਸ ਉਸ ਜਿੱਥੋਂ
ਓਹ ਸੁੱਦਆਈ ਸੀ !

.... .... ....

.... .... ....

ਸੁਰਤਿ ਅਕੱਲੀ ਨਾਂਹ ਕਦੀ,
ਹੰਕਾਰ ਸਦਾ ਅਕੱਲਾ,



Digitized by Panjab Digital Library | www.panjabdigilib.org

ਇਹੋ ਨਿਸ਼ਾਨੀ, ਇਹੋ ਫਰਕ,
ਸੁਰਤਿ ਨੂੰ ਸੰਭਾਲ ਦੇ ਰੱਬ ਪਿਆਰੇ, ਅਣਡਿਠੇ ਦੇਸਾਂ
ਵਿਚ ਰਹਣ ਉਪਕਾਰੀ;
ਠੀਕ ਕੋਈ ਹੋਰ ਲੋਕ ਜਿਹੜੇ ਸੁਰਤਿ ਨੂੰ ਪਿਆਰ ਦੇ,
"ਉਥੇ ਜੋਧ ਮਹਾਂ ਬਲ ਸੂਰ"
ਉਨ੍ਹਾਂ ਦੀ ਰੱਛਿਆ ਸੁਰਤਿ ਨੂੰ,
ਸੁਰਤਿ ਕਦੀ ਅਕੱਲੀ ਨਾਂਹ,
ਇਹ ਭੇਤ ਜਾਣਨਾ:—
ਸੁਰਤਿ ਰਬ ਦੀ ਜੋਤ ਇਨਸਾਨ ਵਿਚ,
ਹੰਕਾਰ ਭੈੜਾ ਹੈਵਾਨ ਜੰਗਲੀ,

.... .... ....

.... .... ....

## ੫.

ਹਾਏ! ਟੁੱਟਾ 'ਨਿਤਸ਼ੇ'
'ਇਕਬਾਲ' ਅਕਲਾਂ ਵਿਚ ਪੈ ਗੁੰਮਿਆ, ਤਵਾਰੀਖ
ਪੜ੍ਹ, ਪੜ੍ਹ, ਫਲਸਫਾ ਛਾਣਦੇ,
ਗੀਤਾ ਵਿਚ ਆਵਾਜ਼ ਦੇ ਕ੍ਰਿਸ਼ਨ ਮਹਾਰਾਜ ਪਛੋਤਾਯਾ,
ਉਪਨਿਖਦਾਂ ਦੀ ਬ੍ਰਹਮ—ਮੈਂ ਕੌਣ ਸਮਝੇ?
ਕਦੀ 'ਗੱਟੇ' ਵਰਗੇ, 'ਬ੍ਰੋ' ਵਰਗੇ ਸਾਧਾਂ ਨੂੰ,
'ਵਹਿਟਮੈਨ' ਜਹੇ ਕਵੀਆਂ ਨੂੰ ਬੱਸ ਬ੍ਰਹਮ—ਮੈਂ ਜਹੀ
ਦਾ ਰਸ ਕੋਈ ਰੱਤਾਕੁ, ਆਉਂਦਾ,
ਇਹ ਗੱਲਾਂ ਮਾਰਦੀਆਂ,



Digitized by Panjab Digital Library | www.panjabdigilib.org

ਮੋਇਆਂ ਨੂੰ ਆਵਾਜ਼ਾਂ ਦੇਣ ਇਹ ਸਜਾਣੇ,
ਓਥੇ ਸੁਰਤਿ ਕਿੱਥੇ, ਹੰਕਾਰ ਬੋਲਦਾ,
ਉਲਟਾ ਉਪਦੇਸ਼ ਵੱਜੇ, ਹੰਕਾਰ ਚੇਤਦਾ,
ਇਉਂ ਇਹ ਆਵਾਜ਼ੇ ਸਾਰੇ,
ਸੁਰਤਿ ਨੂੰ ਹੰਕਾਰ ਵਿਚ ਅਕੱਲਾ ਕਰਨ,
ਇਹ ਸਿੱਟਾ ਨਿਕਲਦਾ,
ਠੀਕ ! ਇਹ ਮਾਰਨਾ ਹੈ ਸੁਰਤਿ ਨੂੰ ਵਾਂਗ ਇਕ ਫੌਜ ਨੂੰ
ਅੱਗੇ ਵਧਾਕੇ, ਪਿੱਛਾ ਕੱਟ ਵੈਰੀ ਮਾਰਦੇ,
ਵਧਦੀ ਸੁਰਤਿ ਦਿੱਸਦੀ ਜ਼ਰੂਰ ਹੈ,
ਇੱਥੇ ਹੀ ਤਾਂ, ਇਸ ਵਾਧੇ, ਇਸ ਚਾਲ ਵਿਚ, '<u>ਨਿਤਸ਼ੇ</u>'
'<u>ਇਕਬਾਲ</u>' ਨੂੰ ਸੁਰਤਿ ਦੀ ਪੂਰਣਤਾ ਦਾ ਵਹਮ-
ਭੁਲਾਵਲਾ ਪੈਂਦਾ,
ਆਖਣ-ਇਹੋ ਵਧਣਾ ਸਭ ਕੁਛ ਹੈ !!

.... .... ....

ਪਰ ਇਸ ਪਾਸੇ ਵਧਣਾ ਮੌਤ ਹੈ,

.... .... ....

ਪਿਛੇ, ਅੰਦਰ, ਅੰਦਰ ਛਿਪੇ ਲੁਕੇ ਅਨੰਤ ਜੀ ਫੌਜ
'ਮਿਤ੍ਰ ਪਿਆਰੇ' ਦੀ,
ਉਸ ਨਾਲ, ਨਾਲ, ਕਦਮ, ਕਦਮ, ਦੰਮ, ਬਦੰਮ,
ਜੁੜ ਜੁੜ ਰਹਣਾ, ਢੁਕ, ਢੁਕ, ਨਾਲ ਨਾਲ
ਬਹਣਾ,
ਤੇ ਮਾਰਚ ਕਰਨਾ ਪਿੱਛਾ ਸਾਰਾ ਸਾਂਭਕੇ,



Digitized by Panjab Digital Library | www.panjabdigilib.org

ਤਾਂ ਇਸ ਮਾਰਚ ਇਕੱਲੀ ਨਾਲ ਮਾਰਚ ਕਰਨ ਲੱਖਾਂ
ਫੌਜਾਂ ਸੱਚੀ ਸਰਕਾਰ ਦੀਆਂ,
ਸਰਦਾਰ ਦਾ ਹੋਕੇ ਚੱਲਣ ਦਾ ਸਾਰਾ ਅਨੰਤ ਇਹ ਬਲ
ਇਕ, ਇਕ ਸਿਪਾਹੀ ਦਾ,
ਸੁਰਤਿ ਇਕੱਲੀ ਨਾਂ,
ਸੁਰਤਿ ਇਕ ਭਾਰੀ ਫੌਜ ਹੈ,
ਫੌਜਾਂ ਵਾਲਾ ਪਿਛੇ, ਪਿਛੇ,
ਸੁਰਤਿ ਇਕ ਨਾਂਹ,
ਤਾਹੀਂਆਂ ਬਾਬਾ ਆਖਦਾ-
"ਇਕ ਨਹੀਂ, ਸਵਾ, ਸਵਾ ਲੱਖ ਹੈ,
ਇਹ ਸੱਚਾ ਬਲ ਹੈ ਸੁਰਤਿ ਦਾ,
ਇਹ ਕਦੀ ਨਾਂਹ ਡੋਲਦਾ ||"

.... .... ....

.... .... ....

੬.

ਕੌਮਾਂ ਓਹ ਮਰਦੀਆਂ,
ਜੇਹੜੀਆਂ ਦਿਲ ਵਧਾ, ਵਧਦੀਆਂ,
ਇਹ 'ਦਿਲ ਵਧੇ' ਦੀਆਂ ਮਾਰਾਂ,
ਫਰਿਸ਼ਤਿਆਂ ਦੇ ਦੇਸ਼ ਨੂੰ ਭੁੱਲਕੇ,
ਸੱਚ ਦੀ ਟੇਕ ਛੱਡ ਤੁਰਨਾਂ,
ਆਪਾ ਜਿਹਾ ਵੱਖ ਕਰ ਉਸ ਕਰਤਾਰ ਤੋਂ,
ਓਨ੍ਹਾਂ ਜ਼ਰੂਰ ਮਰਨਾ,

.... .... ....



Digitized by Panjab Digital Library | www.panjabdigilib.org

ਮਾਰੇ ਕੌਣ ਓਨ੍ਹਾਂ ਨੂੰ ਜਿਨ੍ਹਾਂ ਨੂੰ ਸਾਈਂ ਰੱਖਣਾ,

.... .... ....

ਸਾਈਂ ਦੇ ਚਰਨਾਂ ਤੇ ਖੂਬ ਗਾਹੜੀ ਨੀਂਦਰ ਸੌਂ,
ਕੌਮਾਂ ਸਦਾ ਜਾਗਦੀਆਂ, ਉਠਦੀਆਂ, ਹੰਕਾਰ
ਦੇ ਜਗਰਾਤੇ ਕੱਟ ਮਰਦੀਆਂ,

.... .... ....

ਜਿਹੜੇ ਮਾਰਨ, ਸੋ ਮਰਨਗੇ,
ਹੁਕਮ ਪਾਲਣ ਜੋ ਕਰਤਾਰ ਦਾ,
ਓਹ ਫਤਹ ਗਜਾਂਦੇ ਸੱਚ ਦੀ,
ਫੜਾਏ ਜੋ ਕਰਤਾਰ ਫੁੱਲ ਹੱਥ ਬਾਲ ਦੇ,
ਫੁੱਲ ਓਹ ਵਰਸਾਉਂਦਾ, ਓਹਦਾ ਕੀ?
ਪਰ ਆਰਲੀਨ ਦੀ ਕੈਦਾਰੀ ਨੂੰ ਜਿਵੇਂ,
ਸੁਫਨੇ ਵਿਚ ਫੜਾਏ ਤਲਵਾਰ ਸਾਡੇ ਹੱਥ ਜਦ,
ਫਿਰ ਸਾਡਾ ਕੀ? ਜਿਸ ਫੜਾਈ, ਓਹ ਚਲਾਉਂਦਾ,
ਹੁਕਮ ਵਿੱਚ ਵਰਤਣਾ, ਹੁਕਮ ਵਿੱਚ ਬਲ ਹੈ,
ਹੱਥ, ਪੈਰ, ਡਾਂਗ, ਤੋਪ, ਬਰਛੀ, ਭਾਲਾ,
ਤੀਰ ਕਮਾਨ ਕੀ?

੭.

.... .... ....

ਅਸੂਲ ਜਿਹੇ ਮਨ ਵਿੱਚ ਬਹ ਬਨਾਣਾ
ਇਹ ਹੰਕਾਰ ਹੈ,
'ਮਾਰਨਾ ਨਹੀਂ ਕਿਸੇ ਨੂੰ''—ਇਹ ਕੀ ਆਖਣਾ,



Digitized by Panjab Digital Library | www.panjabdigilib.org

ਤੇ "ਮਾਰਨਾ ਜਰੂਰ ਕਮਜ਼ੋਰ ਨੂੰ"-ਇਹ ਕੀ ਭਾਖਣਾ,
ਦੁਖ ਦੇਣਾ ਯਾ-ਸਹਣਾ ਜਾਣ ਜਾਣ,
ਇਹੋ ਕਾਢਰ ਹੰਕਾਰ ਹੈ,
ਮਨ-ਜੰਮੇ ਚੋਚਲੇ, ਧਿਆਨ ਸਿੱਧ ਗਲ ਨਾਂਹ,
ਬੰਦੇ ਹੁਕਮ ਦੇ ਮੂੰਹੋਂ ਕੁਛ ਨ ਬੋਲਦੇ,
ਹੱਥ ਪੈਰ ਰੱਬ ਦੇ, ਦਮ ਬਦਮ ਹੁਕਮ ਪਾਲਦੇ,
ਓਹ ਆਪ ਬੇਹੋਸ਼ ਸਾਰੇ, ਨੈਨ ਅੱਧਮੀਟੇ ਜਿਹੇ,
ਜਗਤ-ਜਿੰਦਾਂ ਕਰਾਣ ਸੋ ਕਰਦੇ,
ਓਹ ਉੱਪਰਲੇ ਲੋਕੀ ਤ੍ਰੈਕਾਲ ਦਰਸ਼ੀ ਜਾਣਨ, ਅਸੂਲਾਂ
ਦਾ ਘੜਨਾ,
ਗੰਦਾ, ਬੰਦਾ, ਹੈਵਾਣ-ਵਹਸ਼ੀ ਮਨ ਦੀ
ਤ੍ਰਿੱਖੀ ਛੁਰੀ ਨਾਲ ਗੱਲਾਂ ਕਤਰ,
ਕਤਰ, ਲੁਤਰ, ਲੁਤਰ, ਸੁੱਟਦਾ
ਆਖੇ ਇਹ ਅਸੂਲ ਕਾਇਨਾਤ ਦੇ !!
ਮਨ ਦੀ ਅੰਨ੍ਹੀਂ ਹਨੇਰੀ ਵਿੱਚ ਬੈਠਾ ਦਰਜੀ,
ਘੜਦਾ ਮਨ-ਦੀਆਂ ਚਤੁਰਾਈਆਂ ਮੁੜ, ਮੁੜ,
ਆਖੇ ਇਹ ਅਸੂਲ ਰੱਬ ਦੇ,
ਜੀਵਨ ਇਹ, ਨੇਮ ਇਹ ਅਟੱਲਵੇਂ,
ਈਸਾ, ਬੁੱਧ ਨੂੰ ਪਿੱਛੇ ਸੁੱਟੇ,
ਨਕਲਾਂ ਬਣਾਵੇ, ਅਸਲ ਨਕਲ ਦੇ ਸਾਹਮਣੇ ਵਿੱਕੀ
ਵਿੱਕੀ ਦੱਸੇ, ਚੰਚਲ ਭਾਰਾ ਮਨ ਦਾ !!

.... .... ....
.... .... ....



Digitized by Panjab Digital Library | www.panjabdigilib.org

ਇਹੋ ਜਿਹੀਆਂ ਨਕਲ-ਗੱਲਾਂ ਇੱਥੇ ਨ ਚੱਲਣ,
ਇਹ ਜੀਵਨ-ਖੇਤ੍ਰ ਰੱਬ ਦੀ ਪੈਲੀ,
ਇੱਥੇ ਬੀਜ ਉੱਗੇ ਜਿਸ ਵਿੱਚ ਰੱਬ ਸੱਤਾ,

.... .... ...

.... .... ....

ਮਨ ਘੜਿਤ ਗੱਲਾਂ ਕੂੜੇ ਢੋਂਗ ਸਾਰੇ,
ਸਿੱਕਾ ਦਿਲ ਦੀ ਬਸਤੀ ਚੱਲੇ, ਸੱਚੀ ਸਰਕਾਰ ਦਾ।

.... .... ....

.... .... ....

੯.

ਸੌਣਾਂ ਰਬ ਦੇ ਪਿਆਰ ਵਿਚ,
ਪੀਪੀ ਅੰਮ੍ਰਿਤ ਦੀਦਾਰ ਦੀਆਂ ਪਿਆਲੀਆਂ,
ਜਾਗਣਾ ਉਥੂੰ ਅਹੰਕਾਰ ਹੈ,
ਹੋਸ਼ ਪਰਤਣੀ ਪਾਪ ਹੈ,
ਬੇਹੋਸ਼ ਜਿਹਾ ਲੇਟਣਾ ਸਦੀਆਂ, ਚਿੱਟੀ ਚਾਦਰ ਤਾਣਕੇ,
ਇੱਥੇ ਓਹ ਬਲ ਹੈ, ਜਿਸਦੀ ਖ਼ਾਕ ਵਿਚ ਰੁਲਦੇ ਫਿਰਦੇ
ਲੱਖਾਂ ਤਖ਼ਤ ਤੇ ਤਾਜ,
ਤੇ ਕਿਸੀ ਨੂੰ ਵਿਹਲ ਨ ਇੱਥੇ ਪਰਤਕੈ ਵੇਖਣ ਦੀ,
ਇੱਥੇ ਦੀ ਤਲੀ ਖ਼ਾਕ ਸੂਰਜ ਮੱਥੇ ਲਾਉਂਦੇ,

.... .... ....

.... .... ....

ਫੁੱਲ ਮਾਲਤੀ ਨਾਲ ਤਾਂ ਗੱਲਾਂ ਕਰਨ ਹੱਸ ਹੱਸ ਕੇ,



Digitized by Panjab Digital Library | www.panjabdigilib.org

ਤਲਵਾਰ ਦੀ ਲਿਸ਼ਕ ਨੂੰ ਸਲਾਹਣ,
ਬੱਦਲ ਦੀ ਗਰਜ ਸੁਣ ਖੁਸ਼ ਹੋਣ,
ਨਾਗ ਦੀ ਫਨ ਨੂੰ ਮੌਜ–ਰਾਗ ਵਿਚ ਸਿੱਧਾ ਦੇਖ
ਵਿਗਸਣ,
ਬਿਜਲੀਆਂ ਸੋਹਣੀਆਂ ਲੱਗਣ, ਛੁਪਾ ਛੁਪਾ ਰੱਖਨ
ਆਪਣੀਆਂ ਬਗਲਾਂ ਹੇਠ,
ਲੁਕਾਂਣ ਤੈਹਾਂ ਅੰਦਰਲੀਆਂ ਵਿਚ, ਬੇਅੰਤ ਦੀਆਂ
ਗਰਜਾਂ; ਕੜਕਾਂ, ਕੂਸੁਕਾਂ, ਲਿਸ਼ਕਾਂ, ਜੁਲਾਲੀਆਂ;

.... .... ....

.... .... ....

ਪਰ ਅੱਧੀ ਮੀਟੀ ਅੱਖ ਵਾਲੇ,
"ਬੇ ਪਰਵਾਹ ਨ ਬੋਲਦੇ",
ਖਲੋਤੀਆਂ, ਰਾਣੀਆਂ, ਮੋਤੀਆਂ, ਹੀਰਿਆਂ, ਚੂਨੀਆਂ ਦੇ
ਹਾਰ ਲੈ ਪੂਜਾ ਨੂੰ,
ਓਹ ਹਥ ਬੱਧੇ ਗੁਲਾਮ ਚਾਕਰ ਖੜੇ, ਲੱਖਾਂ ਮੁਲਕਾਂ ਦੇ
ਰਾਜੇ,
ਹੰਕਾਰ ਦੇ ਕੱਠੇ ਕੀਤੇ 'ਇਕਬਾਲ' ਦਾ, ਸੁਹਣੱਪ ਦਾ ਸ਼ੇਖੀ
ਦਾ ਇਹ ਮੁਲ ਪੈਂਦਾ ਇੱਥੇ–ਭਾਰੇ । ਭਾਰੇ ।–
"ਬੇਪ੍ਰਵਾਹ ਨ ਬੋਲਦੇ"

.... .... ....

.... .... ....

ਓਏ । ਕੂੜ ਦੀ ਗਰਜ਼ ਪਿੱਛੇ,
ਕਿਸੀ ਤਖਤ ਤਾਜ ਦੇ ਮਗਰ ਹੋ,



Digitized by Panjab Digital Library | www.panjabdigilib.org

ਸਰੀਰ ਨੂੰ ਮੋਟਾ ਤਾਜ਼ਾ ਕਰਨ ਪਿੱਛੇ,
ਕਿਸੀ ਲੁੱਟ ਮਾਰ ਦੀ ਵਹਸ਼ਤ ਵਿਚ,
ਸੁਰਤਿ ਦੇਵੀ ਦਾ ਨਾਮ ਲੈ, ਲੈ,
ਰੱਬ ਦੇ ਨਾਮ ਦੀ ਮਾਲਾ ਹੱਥਾਂ ਵਿਚ ਦੱਸ, ਦੱਸ,
ਅੰਦਰੋਂ ਅੰਦਰ, ਅੰਦਰਖਾਨੇ ਛੁਰੀਆਂ ਹੰਕਾਰ ਦੀਆਂ
ਨੂੰ ਕਰਨਾ ਤੇਜ,
ਇਹ ਕੀ ਗਲ ਹੈ ?
ਇਸ ਵਿਚ ਜੀਵਨ ਦਾ ਕੀ ਅਸਰਾਰ ਹੈ ?

.... .... ....

.... .... ....

ਚੜ੍ਹੀ ਸੁਰਤਿ, ਭਰੀ ਸੁਰਤਿ,
ਰੰਗੀ ਸੁਰਤਿ, ਸਾਈਂ ਜੁੜੀ ਸੁਰਤਿ,
ਹੈਂ ! ਇਨੂੰ ਮੌਤ ਡਰਾਉਂਦੀ ?-ਹੈਂ !!
ਤੇ ਫਿਰ ?

ਮੌਤ ਥੀਂ ਬਚਣ ਲਈ:-
ਹੰਕਾਰ ਦੀ ਟੇਕ ਦੀ ਲੋੜ ਇੱਨੂੰ, ਇੱਨੂੰ ?
ਤਲਵਾਰ ਦੀ ਤੇਜ਼ ਧਾਰਦੀ ਟੋਲ ਇੱਨੂੰ, ਇੱਨੂੰ ?
ਦੁਨੀਆਂ ਦੀ ਚਿਕੜ ਵਿਚ ਇਸ ਲਈ ਪਨਾਹ
ਦੀ ਤਲਾਸ਼ ?
ਤਖਤਾਂ ਤੇ ਤਾਜਾਂ ਦੀ ਚਮਕ ਵਿਚ ਕੁਛ ਇਸ
ਲਈ ਰੱਖਿਆ ?
ਥੋਂਦਿਆਂ, ਗੌਂਦਿਆਂ ਦੇ ਹੜ੍ਹਾਂ ਵਿਚ ਕੁਛ ਦੋਸਤੀ ?



Digitized by Panjab Digital Library | www.panjabdigilib.org

ਦੁਨੀਆਂ ਦੀਆਂ ਧੜੇ ਬੰਦੀਆਂ ਦੀ ਲੋੜ ਇੱਨੂੰ
ਇੱਨੂੰ ?
ਭੁਖ, ਨੰਗ, ਦੁਖ, ਪੀੜ ਦਾ ਡਰਾਵਾ ਇਨੂੰ, ਇੱਨੂੰ ?
ਓਏ, ਖੁਲ੍ਹੇ ਘੁੰਡ, ਖੋਹਲ ਘੁੰਡ ਸੁਣ ਤੂੰ,
ਸੁਰਤਿ ਭਰੀ ਅਲ੍ਹਾ ਆਪ ਹੈ।
ਖੁਦਾ ਹੈ, ਖ਼ਾਲਕ ਹੈ, ਕਰਤਾਰ ਹੈ,
ਸੁਰਤਿ ਜੁੜੀ ਆਪ ਹੈ!
ਤਲ਼ਵਾਰ ਤੇ ਅੱਗ ਕਿੱਨੂੰ ਦੱਸਣੀ,
ਭੁੱਖ, ਨੰਗ, ਗੁਲਾਮੀ ਇੱਨੂੰ ਕਿੱਥੇ ਹੈ ?
ਜਾਨ ਜਿਥੂੰ ਆਈ ਸਾਰੀ
ਇਹ ਓਹ ਹੈ। ਇਹ ਓਹ ਹੈ॥

.... .... ....

.... .... ....

ਕੋਈ ਲਾਲਚ ਨਾਂਹ,
ਕੋਈ ਕਾਂਪ ਨਾਂਹ,
ਕੋਈ ਭੈ ਨਾਂਹ,
ਰੱਜੀ ਸੁਰਤਿ ਖਾਉਂਦੀ,
ਨ ਦੇਣ ਦੀ ਇਨੂੰ ਵਿਹਲ ਹੈ,
ਰੱਬ ਨੂੰ ਪਛਾਣਦੀ,
ਰਬ ਹੈ॥

੯.

ਤ੍ਰੈ ਲੋਕੀ ਨਸ਼ਟ ਸਾਹਮਣੇ ਹੋਵੇ।
ਸੁਰਤਿ ਟਿਕੀ ਕਾਂਪ ਨਹੀਂ ਖਾਉਂਦੀ,



Digitized by Panjab Digital Library | www.panjabdigilib.org

ਹੁਕਮ ਮੰਨਦੀ,
ਉਨ੍ਹਾਂ ਅਧਮੀਟੀ ਅੱਖਾਂ ਦੇ ਛੱਪਰਾਂ ਹੇਠ,
ਰਸ ਭਾਰੇ ਛੱਪਰ ਆਪ ਨੈਣਾਂ ਦੀ ਜਵਾਲਾਂ ਸਭ, ਸਦਾ
ਕੱਜਦੇ !!

... .... ....

.... .... ....

ਤ੍ਰੈ ਲੋਕੀ ਦੀ ਖੁਸ਼ੀ ਤੇ ਇਕਬਾਲ ਸਾਰਾ,
ਉਨ੍ਹੂੰ ਲਾਲਚ ਨ ਦੇਂਵਦੀ,
ਅਨੰਤ ਹਨੇਰਾ ਰਾਤ ਦਾ,
ਕੀ ਭੇਟਾ ਦੇਵੇ ਪ੍ਹਹ ਫੁਟਾਲੇ ਨੂੰ ?
ਨਿੱਕੀ ਬਲਦੀ ਬੱਤੀ ਵਿਚ ਹੋਰ ਕੁਛ ਨਾ ਸਮਾਉਂਦਾ,
ਬਲਣ ਬੱਸ ਇਕ ਉਹਦਾ ਆਪਣਾ,
ਤਾਰਾ ਕੋਈ ਨਾਂਹ ਦੋੜਦਾ,
ਡਿੱਗਦੇ ਤਾਰਿਆਂ ਨੂੰ ਹੱਥ ਦੇਣ,
ਹੁਕਮ ਖੇਡ ਵਰਤਦੀ,
ਬੂਟੇ ਸਾਰੇ ਫਲ ਦੇਣ ਆਪੋ ਆਪਣਾ, ਖੜੇ ਆਪਣੀ
ਥਾਂ ਤੇ ਜਿੱਥੇ ਕਰਤਾਰ ਖਲ੍ਹਿਾਰਦਾ; ਭੱਜਦੇ ਨਾ ਲੈ
ਲੈ ਫੁੱਲਾਂ ਦੀਆਂ ਟੋਕਰੀਆਂ,

.... .... ....

.... .... ....

ਸੇਵਾ ਦਾ ਭੀ ਭਾਵ ਨਹੀਂ ਸਮਝਿਆ ਜੇ ਲੋਕਾਂ,
ਕੀ ਅਧਮੀਟੀ ਅੱਖ ਹੋਣਾ
ਸੁਰਤਿ ਨੂੰ ਚਰਨ-ਪ੍ਰੀਤ ਪ੍ਰੋਣਾ,



Digitized by Panjab Digital Library | www.panjabdigilib.org

ਖੁਸ਼ ਖੁਸ਼ ਵੱਸਣਾ ਸੇਵਾ ਦਾ ਰਹਸਜ਼ ਨਹੀਂ,
ਖੁਸ਼ੀ ਰਹਣਾ ਕੀ ਸੇਵਾ ਘੱਟ ਹੈ ?
ਬੱਦਲ ਜਿਹਾ ਵੱਸਣਾ,
ਜਿੱਥੇ ਸਾਈਂ ਆਖੇ, ਵੱਸ !!

੧੦.

ਪੁਰਾਣੇ ਉਨਰਾਂ ਦੀ ਅੱਖ ਮੀਟੀ, ਖੁਲ੍ਹੀ, ਵੇਦਾਂ ਵਾਲੇ
ਧਜਾਨ ਦੀ ਅੱਖ, ਇਹ ਅੱਖ ਨਾਂਹ !!
ਸ਼ੁਨਜ਼ ਦੇ ਧਜਾਨ ਵਿੱਚ ਜੁੜੀ, ਮੀਟੀ, ਖੁਲ੍ਹੀ ਅੱਖ
ਵਹਸ਼ੀ, ਹੈਵਾਨ ਅੱਖ ਹਾਲੇਂ,
ਯੋਗ ਕਿਸ ਗੱਲ ਦਾ ?
ਦੂਜਾ ਹੋਯਾ ਕਈ ਨਾਂਹ,
ਜੁੜੀ ਕਿਸ ਨਾਲ ਹੈ ?
ਪਿਆਰ ਕਿਸ ਚੀਜ਼ ਦਾ ?
ਬੁੱਧ ਵਾਲੀ, ਨਿਰਵਾਨ-ਸੁਖ, ਰਤੀ ਅਖ ਇਸ ਅੱਖ
ਵਿੱਚ ਮਿਲੀ ਹੈ,
ਧਜਾਨ ਸਥਿਤ ਬੋਧੀ ਸਤਵਦੀ ਅੱਖ, ਬੁੱਧ ਦੇਵ ਨਾਲ
ਜੁੜੀ ਸਿੱਧ ਹੈ,
ਸਿੱਖ-ਨੈਣ ਲਪਟੇ ਹਨ ਧਾ ਵਾਂਗ ਭੌਰਿਆਂ, ਕਰਨ
ਕੰਵਲ ਗੁਰੂ ਨੂੰ, ਕੰਵਲਾਂ ਦੀ ਪੱਤੀ ਚਿੱਟੀ ਵਿੱਚ,
ਅੱਧੇ ਦਿੱਸਦੇ, ਅੱਧ ਛਿਪੇ, ਰਸ ਲੀਨ ਭੌਰੇ ਦੋ, ਇਹ
ਸਹਜ-ਯੋਗ, ਪਿਆਰ ਯੋਗ ਦੀ ਧਜਾਨੀ ਅੱਖ ਹੈ,

.... .... ....
.... .... ....



Digitized by Panjab Digital Library | www.panjabdigilib.org

ਮਨੁੱਖ ਦਾ ਦੇਵਤਾ ਇੱਥੋਂ ਬਣਦਾ; ਮਸਤਕ ਹੱਥ ਮਾਰ
ਪ੍ਰੀਤਮ, ਹੈਵਾਨ ਸਾਰਾ ਝਾੜਿਆ,
ਦਿੱਵਜ, ਅਲੌਕਿਕ ਇਹ ਦ੍ਰਿਸ਼ਜ ਸਾਰਾ, ਪੱਥਰਾਂ ਵਿੱਚੋਂ,
ਕੱਢ, ਕੱਢ,
ਮਨੁੱਖ–ਮਾਸ ਨੂੰ ਲਚਿਕਾਂ ਦਿੱਤੀਆਂ ਮੋਹਣਿਆਂ, ਹੱਡੀਆਂ
ਨੂੰ ਮੋੜਿਆ, ਮਿੱਟੀ-ਆਦਮੀ ਦੀ ਘਾੜਾਂ ਘੜੀਆਂ,
ਰੱਬ ਦਾ ਬੁੱਤ ਸਥਾਪਿਆ !!

.... .... ....

.... .... ....

੧੧.

ਆਦਮੀ ਨੂੰ ਹੱਥ ਲਾ ਪਲੈਸਟ੍ਰਿਕ (ਮੋਮੀ) ਬਣਾਯਾ, ਸਦੀਆਂ
ਘਾੜ ਸਿਮਰਨ ਦੇ ਉਨਰ ਦੀ,
ਫਰਮਾਉਂਨ ਇਸ "ਧਰਮਸਾਲ"
ਪ੍ਰਿਥਵੀ ਤੇ ਰੱਬ ਦੇ ਚਿਤ੍ਰ ਹੋਣ—ਸਭ ਆਦਮੀ,
ਠੰਢੇ, ਠਾਰ, ਰੱਬਲੀਨ–ਸੁਖ--ਅੱਖ—ਸਭ ਆਦਮੀ,
ਫੁੱਲ ਹੋਣ ਮੁਸ਼ਕਦੇ —ਸਭ ਆਦਮੀ,
ਬੱਦਲ ਹੋਣ ਮੀਂਹ ਪਾਣ ਵਾਲੇ —ਸਭ ਆਦਮੀ,
ਨੈਣਾਂ ਚਰਨਾਂ ਵਿੱਚ ਸਦਾ ਗੱਡੀਆਂ ਹੋਣ—ਸਭ ਆਦਮੀ,
ਦਿਲ ਵਿੱਚ ਸ਼ਬਦ–ਲਪਟਾਂ ਭਰੀ, ਹੋਣ—ਸਭ ਆਦਮੀ,
ਸੁਰਤਿ ਦੀ ਲਾਟ ਚੜ੍ਹੇ,
ਮਸਤਿਕ ਭਰੇ,
ਦਸਵੇਂ ਦਵਾਰ ਜਗੇ, ਅੰਦਰ ਰੱਬ ਦੇ,
ਲਾਟਾਂਇਉਂ ਜਗਾਣ ਰੱਬਦੀਆਂ—ਸਭ ਆਦਮੀ,



Digitized by Panjab Digital Library | www.panjabdigilib.org

ਟਕ, ਟਕ, ਠਕ, ਠਕ,
ਬੁੱਤ ਸ਼ਾਲਾ ਗੂੰਜੇ,
ਦੰਮ ਬਦੰਮ ਵਾਹਿਗੁਰੂ,
ਘੜਨਹਾਰ ਘੜੇ ਮਿੱਟੀ ਪਲੈਸਟਿਕ (ਮੋਮੀ)—ਸਬ ਆਦਮੀ,
ਆਕਾਸ਼ ਭਰੇ ਰੋਮ ਰੋਮ ਗੀਤ ਨਾਲ,
ਹੱਥ ਚਲੇ ਛਾਤੀਆਂ ਤੇ, ਦਿਲਾਂ ਤੇ,
ਦਿਮਾਗਾਂ ਤੇ ਘੜਦਾ ਕਰਤਾਰ ਦਾ,
ਕਰਤਾਰ ਦੇ ਹਥੌੜੇ ਦੀ ਅਵਾਜ ਆਵੇ,
ਰੋਮ, ਰੋਮ ਵਸੇ ਪਿਆਰ, ਹੋਣ—ਸਬ ਆਦਮੀ,
ਭੂਗੋਲ ਭਰੇ, ਹਵਾ ਭਰੇ,
ਆਕਾਸ਼ ਭਰੇ, ਹਨੇਰਾ ਤੇ
ਪ੍ਰਕਾਸ਼ ਭਰੇ-ਨੂਰ, ਨੂਰ —ਸਬ ਆਦਮੀ,
ਰੱਬ ਛਿਪੇ ਲੁਕੇ ਅੰਦਰ ਸਬ ਦੇ,
ਜਾਦੂ ਜਿਹੇ ਬੁੱਤ ਸਾਰੇ,
ਹਿੱਲਣ, ਜੁੱਲਣ,
ਇਨ੍ਹਾਂ ਦੇ ਨਵੇਂ ਘੜੇ ਹੇਠ ਹੱਸਣ,
ਬੋਲਣ ਤੇ ਹਾਸੇ, ਤੇ ਬੋਲ ਭਰਨ
ਸਾਰੀ ਵਿਹਲ ਨੂੰ,
ਰਹੇ ਨਾ ਖਾਲੀ ਥਾਂ ਕੋਈ,
ਥਾਂ, ਥਾਂ, ਦਿਲ, ਦਿਲ,
ਜਾਨ, ਜਾਨ, ਦੰਮ, ਦੰਮ, ਸਰੂਰ, ਸਰੂਰ—ਸਬ ਆਦਮੀ!!



Digitized by Panjab Digital Library | www.panjabdigilib.org

# ੧੪–ਅੱਧੀ ਮੀਟੀ ਅੱਖ ਭਾਈ ਨੰਦਲਾਲ ਜੀ ਦੀ

ਵਿਚ
ਅਮੀਰ, ਚੁਪ ਗਾਉਂਦੀ ਅੱਧੀ ਮੀਟੀ ਅੱਖ ਭਾ—
ਨੰਦਲਾਲ ਦੀ:–

ਇਹ ਨੈਣ ਤੱਕਣ ਤੈਨੂੰ ਰੱਬਾ!
ਤੈਨੂੰ ਹੁਣ ਤੱਕਕੇ ਹੋਰ ਕੀ ਤੱਕਣਾ?
ਤੈਂ ਬੀਂ ਸੋਹਣਾ, ਹੁਣ ਹੋਰ ਕੁਛ ਨਾਂਹ!!

.... .... ....

.... .... ....

ਘਰ ਛੱਡ ਆਏ ਅਸੀ,
ਘਰਾਂ ਨੂੰ ਕੀ ਮੁੜਨਾ?
ਤਖਤ,ਤਾਜ ਆਸ਼ਕ ਅੱਖ ਤੇਰੀ ਤੱਕੇ ਨਾਂਹ ਪਰਤਕੇ,
ਸਾਰਾ ਇਕਬਾਲ ਅੱਜ ਇਸ ਤੱਕ ਵਿਚ,
ਤੈਨੂੰ ਤੱਕਕੇ ਓ ਸੋਹਣਿਆਂ ਦੇ ਸੁਹਣਿਆਂ!
ਹੁਣ ਹੋਰ ਕੀ ਤੱਕਣਾ?
ਤੈਂ ਬੀਂ ਸੋਹਣਾ, ਹੁਣ ਹੋਰ ਕੁਛ ਨਾਂਹ!

.... .... ....

.... .... ....

ਮੌਤਾਂ ਸਭ ਰਹੀਆਂ ਪਿੱਛੇ,
ਤੇ ਹੈਵਾਨ–ਜੀਣ ਪਿਛੇ ਪਿਛੇ ਰਿਹਾ,
ਮਨੁੱਖ–ਜੀਣ ਦੀ ਵੀ ਵਿਹਲ ਨਾਂਹ,
ਤਾਂਘ ਕੋਈ ਨ ਖਿੱਚੇ ਹਿਠਾਹਾਂ ਨੂੰ,



Digitized by Panjab Digital Library | www.panjabdigilib.org

ਤੂੰ ਜੋ ਦਿੱਸੇਂ ਸਦਾ ਸਾਹਮਣੇ,
ਖੱਚੀਆਂ ਖਿੱਚੀਆਂ ਅੱਖਾਂ ਵਿਚ,
: ਤਰਬਾਂ ਤੇਰੀਆਂ,
ਾਂ ਮੇਰੀਆਂ, ਦਰਸ਼ਨ ਖਿੱਚੀਆਂ,
ਧਨ ਸਦਾ ਸਿਤਾਰਾਂ ਤੇਰੀਆਂ,
ਤੈਨੂੰ ਤੱਕਕੇ ਓ ੁੱਰਿਆ ਬਲਵਾਨ ਸੂਰਮਿਆਂ !
ਹੁਣ ਹੋਰ ਕੀ ਤੱਕਣਾ ?
ਤੇਂ ਬੀਂ ਸੋਹਣਾ, ਹੁਣ ਹੋਰ ਕੁਛ ਨਾਂਹ !!

.... .... ....

.... .... ....

ਨੈਣਾਂ ਦੇ ਨਰਗਸਾਂ ਵਿਚ ਭਰੀ ਤ੍ਰੇਲ ਮਿਹਰ ਦੀ,
ਦੀਦਾਰ ਤੇਰਾ ਆ ਵੱਸਿਆ,
ਨਰਗਸ ਦੀ ਨੈਣਾਂ ਹੁਣ ਅੱਧ-ਮੀਟੀਆਂ,
ਖੁਹਲੇ ਕੌਣ ਹੁਣ, ਬਾਹਰ ਕੋਈ ਨਹੀਂ ਵੱਸਣਾਂ,
ਤੈਨੂੰ ਤੱਕਕੇ ਓਹ ਸ਼ਹਤ-ਭਰੇ ਸ਼ਬਦ-ਗੁਰੂ ਪੂਰਿਆ
ਣ ਹੋਰ ਕੀ ਤੱਕਣਾ?
ਥੀਂ ਸੋਹਣਾ, ਹੁਣ ਹੋਰ ਕੁਛ ਨਾਂਹ !!

.... .... ....

.... .... ....

ਣੀ ਜਿਹੜੀ ਸ਼ ਹੈ
ਈ ਕਿਧਰੇ,
ਤੂੰ ਰਾਗ ਮਿੱਠਾ, ਨਿੱਕਾ ਹੈ,
ਹਿਰਨੀਆਂ ਦੀ ਅੱਖਾਂ ਵਾਂਗ ਸਭਨੂੰ ਖਿੱਚਕੇ,



Digitized by Panjab Digital Library | www.panjabdigilib.org

ਦਲ-ਬਨ ਵਿਚ ਤੈਨੂੰ ਬਹਾਲਦਾ,
ਚਮਕ ਸਾਰੀ ਜੁੜਦੀ ਇੱਥੇ ਰਸ ਵਿਚ,
ਰੰਗ ਸਾਰਾ ਜੁੜਦਾ ਅਮਨ-ਤੇਰੇ ਜੰਗ ਵਿਚ,
ਆਕਾਸ਼ ਉਡੂੰਦਾ, ਧਰਤ ਸਾਰੀ ਕੰਬਦੀ, ਆ ਰੰਗ ਵਿਚ
ਤੂੰਬੂਰਾ ਸਾਈਂ ਤੇਰਾ ਜਦ ਅਧ-ਮੀਟੀ ਨੈਣਾਂ
ਮੇਰੀ ਵਿਚ ਵੱਜਦਾ !!
ਤੈਨੂੰ ਤੱਕ ਕੇ ਓ ਪਿਆਰ-ਰਾਗੀਆ !
ਹੁਣ ਹੋਰ ਕੀ ਤੱਕਣਾ ?
ਤੈਂਥੀਂ ਸੋਹਣਾ, ਹੁਣ ਹੋਰ ਕੁਛ ਨਾਂਹ !!
ਨਰ-ਨਾਰੀ ਦੀ ਖਿੱਚ ਜੇਹੜੀ ਭਾਰੀ ਸਾਰੀ ਖਿੱਚਦੀ,
ਸਰੀਰ ਸਾਰੇ ਨੰਗਮੁਨੰਗੇ, ਬਾਹਾਂ, ਟੰਗਾਂ ਨੰਗੀਆਂ,
ਛਾਤੀਆਂ ਜਵਾਨੀ ਸਬ ਉੱਭਰੀਆਂ, ਕੰਬਦੀਆਂ
ਕਮਲੀਆਂ, ਜਿੰਵੇਂ ਸਮੁੰਦਰ ਭਾਰੇ ਦੇਖ ਨਿੱਕੇ
ਚੰਨ ਨੂੰ !
ਇਹ ਬਾਹਾਂ ਹਿੱਲਣ,
ਇਹ ਟੰਗਾਂ ਨੱਚਦੀਆਂ,
ਸਿਰ ਹਿੱਲਣ ਸਹਸਰ ਸਾਰੇ,
ਜਿੰਵੇਂ ਹਵਾ ਨਾਲ ਕੰਵਲ ਭਾਰੇ,
ਗਰਦਨਾਂ ਹਿੱਲਣ ਜਿੰਵੇਂ ਕੰਵਲ ਡੰਡੀਆਂ
ਤੇ ਨਾਰੀਆਂ ਦੀਆਂ ਬਾਹਾਂ ਲਿਪਟੀਆਂ, ਨਰਾਂ ਦੀਆਂ
੧ ਕਮਰੀਆਂ ਜਿੰਵੇਂ ਵੇਲ ਨਾਲ ਕਲੀਆਂ
ਲਿਪਟੀਆਂ,



Digitized by Panjab Digital Library | www.panjabdigilib.org

ਤੇ ਇਹ ਸਬ ਨੱਚਣ ਮਿਲਵੀਆਂ, ਮਿਲਵੀਆਂ, ਲਗ
ਸਹਸਰ ਲਹਰ ਨਾਚ–ਤਾਲ ਵਿਚ,
ਨੰਗੇ, ਚਿੱਟੇ, ਹੀਰਿਆਂ ਦੇ ਪਾਣੀਆਂ ਦੀਆਂ ਝਲਕਾਂ
ਨੱਚਣ ਪੇਚ ਪਾਂਦੀਆਂ !!
ਬਾਹਾਂ ਨੰਗੀਆਂ, ਜੰਘਾਂ ਨੰਗੀਆਂ,
ਨੰਗੀਆਂ, ਨੰਗੀਆਂ, ਰਲ ਮਿਲ ਨੱਚਣ, ਮਿਲਵੀਆਂ,
ਮਿਲਵੀਆਂ !!
ਕਹਰ ਜਿਹਾ ਮੱਚਿਆ ਅਕਾਸ਼, ਪੁਲਾੜ ਕੁਛ ਰਿਹਾ
ਨਾਂਹ ਖਾਲੀ,
ਇਕ ਇਕ ਤੀਮੀ ਦੀਆਂ ਲਖ ਲਖ ਤੀਮੀਆਂ !!
ਲੱਖਾਂ ਬਾਹਾਂ, ਲੱਖਾਂ ਟੱਬਾਂ, ਲਖਾਂ ਜੰਘਾਂ, ਲਖਾਂ
ਸਿਰਾਂ ਵਾਲੇ ਨੱਚਦੇ ਮਰਦ ਤੇ ਤੀਮੀਆਂ, ਅੰਗ
ਸਾਰੇ ਲਹਰਾਂ ਹੋ, ਮਿਲਵੀਆਂ ਮਿਲਵੀਆਂ,
ਪੁਲਾੜ ਸਾਰਾ ਭਰਿਆ,
ਹਾਸੇ ਟੁਰਦੇ ਹੱਸਦੇ ਮਿਲਦੇ ਲਖਾਂ, ਲਖਾਂ,
ਸਬ ਹਾਸੇਂ ਮਿਲਵੇਂ, ਮਿਲਵੇਂ, ਖੜਕਦੇ, ਖੜਕਦੇ,
ਦਿੱਸੇ ਕੁਛ ਨਾਂਹ ਪਰ ਨ੍ਰਿਤ੍ਯ ਰਾਗ ਹੋਂਵਦਾ, ਖੜਕਦੇ
ਸਾਜ ਸਾਰੇ ਵੱਜਦੇ !!

.... .... ....

.... .... ....

ਸ਼ਰੀਰ ਲਖਾਂ ਤੁਲੇ ਤੇਰੀ ਬਾਂਸਰੀ ਦੀ ਵਾਜ ਤੇ,
ਕੜੇ, ਕੱਸੇ, ਲਿਸ਼ਕਨ ਨੱਚਦੇ, ਨੱਚਦੇ, ਵਾਂਗ ਵੱਜਦੀਆਂ
ਤਾਰਾਂ ਦੇ, ਸਿਤਾਰਾਂ ਦੇ,



Digitized by Panjab Digital Library | www.panjabdigilib.org

ਲਬ ਕੰਬਦੇ ਸੂਰਜ ਦੀ ਖੁਸ਼ੀ-ਫੁਲੀਆਂ ਸਵੇਰ ਦੀਆਂ
ਕਿਰਨਾਂ ਵਾਂਗ, ਸਹਿਸਰ ਝਣਕਾਰਾਂ, ਲਖਾਂ
ਛਣਕਾਰਾਂ, ਛਾਣ, ਛਾਣ, ਤਾਣ, ਤਾਣ,
ਝੁਮਾਂ ਝੁੰਮ ਝੁੰਮ, ਥਮਾਂ, ਥੰਮਾਂ ਥੰਮ,
ਥਰ, ਥਰ ਕੰਬੇ ਅਸਮਾਨ ਸਾਰਾ ਨਾਚ ਨਾਲ,
ਕਾਲ ਸਾਰਾ ਗੂੰਜਦਾ,
ਇਹ ਸਹਿਸਰ-ਨਰ, ਸਹਿਸਰ-ਨਾਰੀ ਦਾ ਤੇਰੀ ਵਜੀ
ਬਾਂਸਰੀ ਦਾ ਨਾਚ ਹੈ,
ਨਰ-ਨਾਰੀਆਂ ਵਾਂਗੂੰ ਵੈਹਦੀ ਨਦੀਆਂ ਤੇਰੇ ਸੁਫਨੇ ਦੀਆਂ
ਸੁਰਾਂ ਦਾ ਅਲਾਪ ਹਨ,
ਦਿਲ ਲੱਖਾਂ ਧੜਕਦੇ,
ਨੈਣਾਂ ਨੱਚਦੀਆਂ,
ਇਹ ਸਾਰੀ ਥਰਥਰਾਹਟ ਪਿਆਰੀ,
ਤੇਰੇ ਨੰਦਲਾਲ ਦੀ ਅੱਖੀਂ ਮੀਟੀ ਅੱਖ, ਵਾਰੀ, ਵਿਚ
ਸਾਰੀ, ਨਾਚ ਹੈ।
ਤੈਨੂੰ ਤੱਕ ਕੇ ਓਹ ਨ੍ਰਿਤਜ ਆਚਾਰਯਾ!
ਹੁਣ ਹੋਰ ਕੀ ਤੱਕਣਾ?
ਤੈਂਥੀਂ ਸੋਹਣਾ ਹੁਣ ਹੋਰ ਕੁਛ ਨਾਂਹ!!

.... .... ....

ਮੰਡਲ ਸਾਰੇ ਭਰੇ ਪਏ,
ਰੂਪ ਰੰਗ, ਵੰਨ ਸਾਰਾ ਭਰਪੂਰ ਹੈ,
ਤਾਰੇ ਉਪਰ ਜੜੇ ਚਮਕਦੇ,
ਬਾਹਾਂ ਗਲੇ ਤ੍ਰੇਲ-ਫੁੱਲ ਲਟਕਦੇ,



Digitized by Panjab Digital Library | www.panjabdigilib.org

ਬਾਗਾਂ ਦੀ ਝੋਲਾਂ ਖੁਸ਼ੀ ਨੇ ਪਾੜੀਆਂ,
ਸੁਰਬ ਸਾਵੀ ਮਿੱਠੀ ਉਚਾਈ ਲੈ ਤੁਰਿਆ,
ਛੈਬਾ ਕਿਹਾ ਹੱਸਦਾ, ਮੋਤੀ-ਦੰਦ, ਦੱਸ, ਦੱਸਕੇ
ਪੋਸਤ ਦੇ ਫੁਲ ਨੇ ਬੱਧੀ ਲਾਲ ਪਗੜੀ,
ਲਾਲ ਚੀਰੇ ਵਾਲਾ ਦੱਸੋ ਕਿਸਦਾ ?
ਤੇਰੇ ਨੰਦ ਲਾਲ ਦੀ ਅਧੀ ਮੀਟੀ ਅੱਖ ਵਿਚ,
ਹੁਸਨ-ਰਜ ਸਾਰਾ ਅਜ ਹੈ !
ਤੈਨੂੰ ਤੱਕ ਕੇ ਓਹ ਹੁਸਨ ਦੀ ਛਹਬੜਾ !
ਹੁਣ ਹੋਰ ਕੀ ਤੱਕਣਾ ?
ਤੂੰ ਥੀਂ ਸੋਹਣਾ ਹੁਣ ਹੋਰ ਕੁਛ ਨਾਂਹ !!

---

## ੧੫-ਗੁਰੂ ਅਵਤਾਰ ਸੁਰਤਿ

੧.

ਸੂਰਜ ਜੇ ਅੱਖ ਨੂਟੇ,
ਜਗਤ ਮਰਦਾ, ਜੀਵਨ-ਆਸ ਟੁੱਟਦੀ,
ਗੁਰੂ-ਅਵਤਾਰ ਸੁਰਤਿ ਸੂਰਜਾਂ ਦਾ ਸੂਰਜ,
ਸਹੰਸਰ ਨੈਣਾਂ ਬਲਦੀਆਂ !!
ਦਿਨ ਰਾਤ ਸੂਰਜ ਨੈਣਾਂ ਤੱਕਦੀਆਂ !
ਮਨੁੱਖ ਸੁਰਤਿ ਜੀਵਦੀ, ਤੱਕ, ਤੱਕਕੇ, ਕੰਵਲ-ਨੈਣਾਂ,
ਨੂਰਜ-ਨੈਣਾਂ ਸਦਾ ਸਦਾ ਗੱਡੀਆਂ !!

.... .... ....

ਗੁਰੂ-ਅਵਤਾਰ ਦੀ ਸਹਜ-ਸੁਰਤਿ, ਪੂਰਣਤਾ,



Digitized by Panjab Digital Library | www.panjabdigilib.org

ਸਰਬ ਸਫਲਤਾ, ਚਰਨ ਧੂੜ ਵਿਚ ਰਿਧੀਆਂ ਸਿਧੀਆਂ,
ਗੁਰੂ ਨਦਰਾਂ ਦੀਆਂ ਤਾਰਾਂ-ਸਹਜ ਵਿਚ ਛਿਪੀ ਸਭ ਅਦ-
ਭੁਤਤਾ, ਅਗੰਮਤਾ, ਅਕਾਲਤਾ, ਮਹਾਂਕਾਲਤਾ,
ਅਨੰਤਤਾ, ਅਟੱਲਤਾ, ਸਰਬ-ਸਿੱਧਤਾ, ਗੂੜ੍ਹਤਾ,
ਗੂੜ੍ਹ ਭੇਦਤਾ, ਸਦੈਵਤਾ, ਖੁਲ੍ਹੀ-ਡੁਲ੍ਹੀ ਦੀਦਾਰਤਾ,
ਨਾਲੇ ਸਦਾ-ਅਦ੍ਰਿਸ਼ਟਤਾ !!
ਗੁਰੂ-ਅਵਤਾਰ ਗਰੀਬੀ ਲਈ ਧੁਰੋਂ,
ਫਿਰੇ ਜਗ ਸਾਰਾ ਬਣ ਸਿੱਧਾ ਇਕ ਆਦਮੀ,
ਇਹ ਰੰਗ ਵਰਤਦਾ,
ਜੋਗੀਆਂ ਵਿਚ ਜੋਗੀ ਓਹ,
ਭੋਗੀਆਂ ਵਿਚ ਭੋਗੀ ਓਹ,
ਗ੍ਰਿਹਸਥੀਆਂ ਵਿਚ ਵਡਾ ਗ੍ਰਿਹਸਥੀ ਪਿਆਰ ਦਾਤਾ
ਬਖਸ਼ਦਾ,
ਪਤਾ ਬਸ ਵਧ ਘਟ ਲਗਦ, ਰਬ ਦੀ ਅਨੋਖਤਾ
ਆਦਮੀ ਆਦਮੀ ਸਬ ਨੂੰ ਦਿੱਸਦਾ !!
ਖਾਵੇ, ਪੀਵੇ, ਸੋਵੇ, ਹੋਵੇ ਵਾਂਗ ਆਦਮੀ,
ਗਰੀਬੀ ਕੱਟੇ, ਅਮੀਰੀ ਪੀਰੀ ਸਭ ਝਾਗਦ,
ਦੁਖੇ, ਦਰਦੇ, ਅਰਦਾਸ ਕਰੇ, ਰਵੇ, ਵਰਤੇ ਵਾਂਗ ਆਦਮੀ,

.... ... ....

... .... ....

ਦੁਖ, ਸੁਖ, ਧੁੱਪ, ਛਾਂ ਲੰਘੇ ਸਾਰੀ,
ਜ਼ਿੰਦ ਭਾਰੀ, ਸਵ੍ਹੇ ਸਬ ਕੁਛ, ਮਹਾਨ ਆਦਮੀ,

.... .... ....



Digitized by Panjab Digital Library | www.panjabdigilib.org

ਸਿਪਾਹੀ ਅਕੱਲਾ ਹੰਕਾਰ ਦੱਸ ਆਯਾ ਹਾਂ,
ਫੌਜ ਨਾਲ ਮਿਲਿਆਂ ਓਹੋ ਸੁਰਤਿ ਸਿੱਖ ਦੀ,
ਪਰ ਸੁਰਤਿ ਸਾਰੀ ਬੱਝੀ ਹਾਲੇਂ ਹੁਕਮ-ਫਿਰਦੀ,
ਹੁਕਮ ਪਾਲਦੀ, ਹੁਕਮ ਹਾਲੇਂ ਨ ਜਾਣਦੀ;
ਹੁਕਮ ਪਿਆਰਦੀ, ਸੁਖਾਰਦੀ, ਹੁਕਮ ਪਾ ਲੱਸਦੀ,
ਹੁਕਮ ਮੰਗਦੀ, ਹੁਕਮ ਲੈਂਦੀ, ਹੁਕਮ ਦੀ ਬੰਦੀ,

ਫੌਜਾਂ ਸਹੰਸਰਾਂ ਦੀ ਅਕੱਠਥੀਂ ਸੁਰਤਿ,
ਮਿਲਵੀਂ ਸੁਰਤਿ, ਨਾਲ ਮਿਲੀ,
ਵੱਖਰੀ-ਸੁਰਤਿ ਜਰਨੈਲ-ਸੁਰਤਿ ਉਤੇ ਚੱਲਦੀ,
ਫੌਜਾਂ ਲੱਖਾਂ ਦੀ ਸੁਰਤਿ ਓਹ ਹਿਲਦੀ,
ਪਰ ਅਹਿਲ ਇਕ ਟਿਕਾ ਓਹਦਾ ਆਪਣਾ,
ਉੱਥੇ ਹੁਕਮ ਵੱਸਦਾ,
ਭਰਵੱਟੇ ਜਿਹਦੇ ਦੀ ਨਿੱਕੀ ਜਹੀ ਸੈਨਤ ਵਿਚ
ਢੇਵੇਂ ਵੱਸਦੀਆਂ, ਪ੍ਰਲੈਆਂ, ਤੇ ਅੰਮ੍ਰਿਤਤਾਂ!!
ਤੇ ਓਸ ਖੁਲ੍ਹੀ ਪੇਸ਼ਾਨੀ ਨੂੰ ਹੁਕਮ ਦੀ ਖਬਰ ਸਾਰੀ,
ਹੁਕਮ-ਸੁਰਤਿ ਚਮਕਦੀ,
ਇਸ ਸੁਰਤਿ-ਦੇਸ਼ ਵਿੱਚ,
ਅਣਡਿੱਠੇ ਲੋਕਾਂ ਦੀ ਦਮਬਦਮ ਚਿੱਠੀ-ਪੱਤ੍ਰ ਆਣ, ਜਾਣ;
ਦਮਬਦਮ ਇਲਾਹੀ ਡਾਕ ਚੱਲਦੀ !!
ਇੱਥੇ ਲੱਖਾਂ ਬ੍ਰਹਮੰਡਾਂ, ਖੰਡਾਂ ਦੀ, ਲੋੜ, ਤੋੜ, ਦੀ
ਸਬ-ਜੋੜ ਠਿਕਾਵੀਂ !!



Digitized by Panjab Digital Library | www.panjabdigilib.org

ਇਸ ਮੱਥੇ ਸੁਹਣੇ ਵਿੱਚ ਸਬ ਸਿਆਣ ਵੱਸਦੀ, ਇੱਥੇ ਸਬ
ਤ੍ਰਾਣ ਵੱਸਦੀ,
ਇਸਦੇ ਇਸ਼ਾਰੇ ਦੇਵੀ, ਦੇਵਤੇ ਉਡੀਕਦੇ, ਉੱਡਦੇ ਜਿਵੇਂ
ਡਾਰ ਇਕ ਲਾਲ ਪਰਾਂ ਵਾਲੀਆਂ, ਚਿੱਟੀਆਂ
ਘੁੱਗੀਆਂ ਦੀ ਕੂਕਦੀ–ਗੁਰੂ-ਗੁਰੂ-ਗੁਰੂ !!

.... .... ....

.... .... ....

ਫੌਜਾਂ ਹੁਕਮ ਲੈਣ, ਦੇ ਨਾਂਹ ਸਕਦੀਆਂ, ਜਰਨੈਲ
ਸੁਰਤਿ ਦੱਸਦੀ ?
ਖਬਰ ਸਾਰੀ ਵਾਲੀ,
ਹੁਕਮ ਸਾਰੇ ਵਾਲੀ,
ਸੁਰਤਿ ਗੁਰੂ ਅਵਤਾਰ ਦੀ !
ਇਹ ਸਹੰਸਰ ਨੈਣੀ,
ਸਹੰਸਰ ਸੀਸੀ,
ਸਹੰਸਰ ਬਾਹੂਈ,
ਮੇਹਰਾਂ ਨਾਲ, ਸਿਖ ਸੁਰਤਿ ਪਾਲਦੀ !!
ਦਿਨ ਰਾਤ ਮਾਂ–ਮਜੂਰੀ ਕਰਦੀ ਪੂਰੀ–ਪਿਆਰਦੀ,
ਪਿਆਰ–ਪਹਰੇ ਦਿੰਦੀ,
ਸੁੱਤਾ ਹੋਵੈ ਸਿਖ, ਗੁਰੂ ਜਾਗਦਾ,
ਭੁੱਲਾ ਹੋਵੈ ਸਿਖ, ਗੁਰੂ ਵਰ ਦਿਲ
ਓਹਦੇ, ਸਿਖ–ਪ੍ਰਾਣ ਕੱਸਦਾ,
ਖਿੱਚਦਾ, ਸਿਖ ਨੂੰ ਪ੍ਰੀਤ-ਪੀਸ਼ ਪੀੜਦਾ,
ਗੁਰੂ ਆਵੇਸ਼ ਦਾ ਹੜ੍ਹ ਟੋਰਦਾ,



Digitized by Panjab Digital Library | www.panjabdigilib.org

ਸਿਖ ਦੀ ਰੂਹ ਦੇ ਅੱਗੇ ਪਿੱਛੇ ਚੜ੍ਹੀ ਦੀਵਾਰ ਤੋੜਦਾ,
ਬਾਰੀਆਂ ਖੋਹਲ਼ ਅੰਦਰ ਵੜਦਾ, ਮਲੋ ਮਲੀ,
ਜ਼ੋਰੋ ਜ਼ੋਰੀ, ਜਾਂਦਾ ਧੱਸਦਾ,
ਸਿਖ ਨੂੰ ਪਿਆਰ ਦੀ ਬਹੁਲਤਾ ਵਿੱਚ ਬੇਬੱਸ ਕਰਦਾ,
ਮਾਰਦਾ, ਪਿਆਰ ਡੋਬ ਦੇਂਵਦਾ !!

.... .... ....

.... .... ....

੨.

ਗੁਰੂ-ਅਵਤਾਰ ਅਥਾਹ ਸਾਗਰ,
ਚੁੱਪ, ਬੇਅੰਤ, ਬੇਨਿਆਜ਼ ਸਾਈਂ,
ਹੱਸੀ ਨਰਮ, ਨਰਮ, ਬੋਲ ਮਿੱਠੇ ਮਿੱਠੇ,
ਚਰਨ ਕੰਵਲ ਦੀ ਛੋਆਂ ਵਿੱਚ ਮੇਹਰਾਂ ਵੱਸਦੀਆਂ,
ਕੇਵਲ ਇਕ ਨਾਮ ਦੱਸਦਾ, ਸਤਿਨਾਮ ਆਖਦਾ, ਬੋਲੋ
ਵਾਹਿਗੁਰੂ !!
ਗੀਤਾ ਦੀ ਮੈਂ ਆ ਏਥੇ ਚੁੱਪ ਖਾਂਦੀ,
ਇਥੇ ਵਾਹਿਗੁਰੂ ਵਾਹਿਗੁਰੂ ਦੀ ਧੁਨੀ ਉੱਠਦੀ,
ਮੈਂ, ਮੈਂ ਕੋਈ ਨ ਕੂਕਦਾ,
ਬ੍ਰਹਮਸੱਤਾ ਨਿਰੋਲ ਮਨੁੱਖ-ਰੂਪ ਬੈਠੀ ਚੁੱਪ-ਬੋਲਦੀ,
ਚੁੱਪ-ਵੇਖਦੀ, ਚੁੱਪ-ਸ਼ਬਦ ਗਾਉਂਦੀ,
ਸੱਤਾ ਸਾਰੀ ਇੱਥੇ,
ਸਭ ਕੁਛ ਇਹ, ਇੱਥੇ
ਕੁਲ ਇਹ, ਇੱਥੇ



Digitized by Panjab Digital Library | www.panjabdigilib.org

ਜੁੜ ਇਹ, ਇੰਥੇ
ਸੁਣਨ ਬੋਲਨ ਵਾਲਾ ਇਕ ਇਹ,
ਬੋਲੇ ਕਿਉਂ ? ਸੁਣਨ ਵਾਲਾ ਕਿੱਥੇ ਹੋਰ ਕੋਈ ?
ਦਰਸ਼ਨ, ਦੇਖਣ ਵਾਲਾ, ਦਿੱਸਣ ਵਾਲੀ ਚੀਜ਼ ਤੇ
ਅਚੀਜ਼ ਵਾਹਿਗੁਰੂ,
ਰਚਨ ਹਾਰ, ਰਚਨਾ, ਵੱਖ ਕੁਛ ਨਾਂਹ, ਸਬ ਵਾਹਿਗੁਰੂ,
ਗੀਤ ਗਾਣਾ ਬਣਦਾ, ਕੀਰਤਨ ਸੋਭਦਾ, ਵਾਹਿਗੁਰੂ
ਗੂੰਜ ਨਿਰੋਲ ਓਹਦਾ ਨਾਮ ਹੈ !!
ਇਸ ਰਾਗ ਰੰਗ ਵਿੱਚ 'ਮੈਂ' 'ਮੈਂ' ਸਬ ਕਰੂਪ ਦਿੱਸਦੀ,
ਕਰੂਪ ਹੁੰਦੀ, ਸ਼ਰਮਾਂਦੀ, ਨੱਸਦੀ, ਭੈੜੀ, ਭੈੜੀ,
ਵਿੱਕੀ, ਫਿੱਕੀ, ਪੈ, ਪੈ ਕੇ,
ਇੱਥੇ ਅਗੰਮ ਦਰਬਾਰ ਉੱਚਾ,
ਇੱਥੇ ਸਚ-ਰਸ ਵਰਤਦਾ,
ਨਾਮ ਰਸ ਵਾਹਿਗੁਰੂ,
ਨੀਵੀਂ ਨੀਵੀਂ ਗਲ ਹੋਰ ਸਬ ਬੇਅਦਬੀ !!

.... .... ....

.... .... ....

੩.

ਗੀਤਾ ਬੋਲੀ ਮੈਂ-
ਹੈਵਾਨ-ਹੰਕਾਰ ਤਲੇਂ ਬੋਲਿਆ 'ਮੈਂ' !!
ਕੌਣ ਪਛਾਣੇ ਕ੍ਰਿਸ਼ਨ-ਮੈਂ ਹੋਰ, ਇਹ ਓਹ ਨਹੀਂ ਹੈ,
ਵਾਜ ਇਕ ਕਾਲਾ-ਅੱਖਰ ਇਕ,
ਧੁਨੀ ਓਹੋ ਗੂੰਜਦੀ,



Digitized by Panjab Digital Library | www.panjabdigilib.org

ਤੇ ਕਾਲ—ਗੁਸਜਾ ਮਨ ਬੋਲਦਾ ਠੀਕ ਇਕੋ ਹੈ,
ਅਰਜਨ ਦੀ ਅਸਚਰਜਤਾ ਭਗਤੀ,
ਅਜ—ਜਗ ਰਹੀ ਨਹੀਂ ਹੈ,
ਅਸਲੀ ਗਲ ਉਹ ਵਿਸ਼ਾਲ ਮੂਰਤ ਸਾਰੀ ਇਕ ਨਿੱਕੇ
ਸਾਧੇ ਕਾਲੇ ਕ੍ਰਿਸ਼ਨ ਵਿਚ ਬੱਸ ਉਹੋ ਸੱਚ ਸਾਰਾ
ਬਾਕੀ ਫਿਲਸਫਾ, ਤੇ ਓਹੋ ਕੂੜ ਵਿੱਸਦਾ ॥
ਜਾਦੂ ਸਿਰ ਚੜ੍ਹ ਬੋਲਦਾ ॥

.... .... ....

.... .... ....

ਕਵੀ ਉੱਚੇ ਲਖ ਬ੍ਰਹਮ—ਸੱਤਾ ਦੀ ਵਿਸ਼ਾਲ ਅਨੰਤ ਚੁੱਪ
ਵਿਚ ਰਸ ਲੀਣ ਹੋ ਰਸ ਪੀ, ਪੀ, ਕਦੀ, ਕਦੀ,
ਕੁਛ ਬੋਲਦੇ,
ਉਨ੍ਹਾਂ ਦੀ ਰਸੀਲੀ ਅੱਖ ਕੁਛ ਵੇਖਦੀ,
ਉਨ੍ਹਾਂ ਦਾ ਦਿਲ ਚੰਗਾ ਕਦੀ ਹੋਂਵਦਾ ਸਬ ਨੂੰ ਮੈਂ ਮੈਂ
ਆਖਦੇ
ਇਹ ਕਵੀਆਂ, ਰੰਗੀਲਿਆਂ, ਰਸੀਲੀਆਂ ਦੀ ਮੈਂ, ਬ੍ਰਹਮ-
ਸੱਤਾ ਦੇ ਰਸ ਦੀਆਂ ਝਲਕਾਂ, ਝਾਵਲੇ, ਇਹ ਕੀ
ਸੰਵਾਰਦੇ ?
ਇਹ ਨਿਰੇ ਕਵੀ—ਦਿਲਾਂ ਤੇ ਪੈਣ ਵਾਲੀ ਫੁਹਾਰ ਵੇ ॥
ਲੋਕੀ ਹੋਰ ਹੋਰ ਸਮਝਦੇ,
ਹੰਕਾਰ ਅੱਗੇ ਵਧਦਾ,
ਬੇਰਸ ਓਹੋ ਹੇੱਕਾਂ ਲਾਉਂਦਾ,
ਬੇਰਸ ਹੋ ਡਿੱਗਦਾ, ਢੰਹਦਾ,



Digitized by Panjab Digital Library | www.panjabdigilib.org

ਪਰ ਮਨ ਆਖੇ ਠੀਕ ਕੀ ਗੀਤਾ ਕਵੀ ਕੂੜ ਆਖਦੀ ?
ਕਵੀ-ਕਥਨਾਂ ਵਿਚ ਵੜ,
ਰਸ ਪੀਣ, ਰਸ ਥੀਣ, ਰਸੀਣ ਦਾ, ਅੰਦਰੋਂ ਅੰਦਰ
ਇਕ ਸ੍ਵਾਦ ਹੈ,
ਪਰ ਨਸ਼ੇ ਭਰੇ ਵੇਲੇ ਦੀ ਇਕ ਬੁਹਕ ਓਹ, ਜਿਵੇਂ ਖੁਸ਼ੀ
ਦੀ ਚੀਖ ਵੱਜਦੀ, ਕਵੀ ਬੁਹਕ ਅਕਾਸ਼ ਬਾਣੀ
ਨਹੀਂ ਹੈ.
ਗੁਰੂ ਅਰਜਨ ਦੇਵ ਨੇ ਗ੍ਰੰਥ ਨਹੀਂ ਚਾਹੜੀ ਹੈ, ਲੋਕੀ
ਇਸ ਬੁਹਕ ਨੂੰ ਫੜ ਫੜ ਕੁੱਟਦੇ, ਨਸ਼ਾ ਪੀਣਾਂ
ਨਹੀਂ ਨਸ਼ੇ ਦੇ ਅਸਰ ਨਿਰੇ ਥੀਂ ਦਾਰੂ ਕੱਢਣ
ਦੀ ਕਰਦੇ,
ਪਰ ਨਸ਼ਾ ਅਸਰ ਵਿਚ ਨਹੀਂ ਹੈ,
ਨਸ਼ਾ ਆਂਦਾ ਸੁਰਤਿ ਜਦ ਪਿਆਲਾ ਅਕਾਸ਼ੀ ਕਦੀ
ਕੋਈ ਪੀ ਲੈ,
ਸੋ ਕਵੀ ਰਚਨਾ ਨਸ਼ੇ ਵੇਲੇ ਦੀ ਚੀਜ਼ ਹੈ,
ਵੇਲੇ ਵੇਲ ਦੀ ਸੋਭ ਹੈ; ਇੱਨੂੰ ਠੀਕ ਪਿਆਰਨਾਂ ਜਦ
ਨਸ਼ਾ ਕੋਈ ਪੀ ਲੈ !!

.... .... ....

.... .... ....

ਉਪਨਿਖਦਾਂ ਦੀ ਬ੍ਰਹਮ ਵਿੱਦਜਾ ਨੂੰ ਪ੍ਰਣਾਮ ਸਾਡਾ, ਬ੍ਰਹਮ-
ਸੱਤਾ ਸਾਰੀ ਗੁਰੂ-ਅਵਤਾਰ ਦੀ ਸੁਰਤਿ ਮੂਰਤੀ,
ਓਥੂੰ ਦਿੱਵਜ ਵਿੱਦਜਾ ਮਨੁੱਖ ਮਨ ਵੱਲ ਕਰ ਰੁਖ
ਟਰੀ ਹੈ,



Digitized by Panjab Digital Library | www.panjabdigilib.org

ਉਸ ਵੇਲੇ ਮਨੁੱਖ ਸੁਰਤਿ,
ਅਨੰਤ ਅਸਚਰਜ ਨਾਲ ਭਰ ਉੱਠੀ,
ਕਿਸੀ ਅਕਹ ਖੇੜੇ, ਆਵੇਸ਼ ਦਾ ਭਾਗ ਸਾਰਾ
ਆਗੰਮਨ ਹੈ !!
ਓਨ੍ਹੂੰ ਫ਼ਲਸਫ਼ਾ ਬਨਾਉਣਾ ਗੀਤਾਂ ਦੀ ਭੁੱਲ ਹੈ,
ਇਹ ਭੁੱਲ ਆਖ਼ਰ ਹੁਣ ਜਾ ਵੱਜਦੀ ਬੁਢੇ ਉਪਨਿਖਦ
ਦੇ ਸਿਰ ਤੇ,

.... .... ....

.... .... ....

ਪੁਰਖ ਸੂਕਤ ਦਾ ਅਗੰਮ ਗੀਤ ਹਾਇ ! ਕਿਵੇਂ ਗੂੰਜਦਾ,
ਮਨੁੱਖ ਦਾ ਭਰਜਾ ਦਿਲ ਸਿਫ਼ਤ ਸਲਾਹ ਕਰਤਾਰ
ਵਿਚ ਫਟਦਾ,
ਹਾਂ, ਰੱਬ ਆਪ ਬੋਲਦਾ,
ਬ੍ਰਹਮ-ਗਿਆਨ ਨੂੰ ਪ੍ਰਣਾਮ ਹੈ !

.... .... ....

.... .... ....

ਪਰ ਗੁਰੂ-ਅਵਤਾਰ ਸੁਰਤਿ
ਦੀ ਅੰਦਰ ਥੀਂ ਵੀ ਅੰਦਰ,
ਕਿਸੀ ਅਥਾਹ, ਅਸਗਾਹ,
ਜੀਵਨ ਦੀ ਹਾਲਤ ਦਾ ਸਾਰਾ
ਸਿਫ਼ਤ ਗੀਤ ਹੈ,
ਗੁਰੂ ਪਿਆਰੇ ਨੂੰ ਵੇਦ ਰਿਚਾ ਗਾਉਂਦੀ,



Digitized by Panjab Digital Library | www.panjabdigilib.org

ਇਹ ਹਾਲਤ, ਕੋਈ ਅਕਹ ਸਿਫ਼ਤ-ਗੀਤ ਦੀ ਲਖਜਤਾ
ਥੀ ਵੀ ਸਦਾ ਪਰੇ ਦੂਰ, ਤੇ ਹੋਰ ਦੂਰ ਵੱਸਦੀ,
ਗੁਰੂ-ਸੁਰਤਿ ਦੀ ਸਿਫ਼ਤ
ਸਾਰੇ ਉਪਨਿਖਦ ਗਾਉਂਦੇ,
ਹੋਕਾਂ ਬੂਹ ਸਾਰੀਆਂ ਹੋਰ ਵਿਚ,
ਪਰ ਨਿਰੋਲ ਸੋਨੇ ਦੀ ਧਾਰੀ ਸਾਰੀ ਵਗੀ ਹੈ ॥
ਪੁਰਖ-ਕਰਤਾਰ ਨਾਮ ਸੋਹਿਣਾ,
ਬ੍ਰਹਮ ਵਿੱਦਜਾ ਗੁਰੂ ਛਾਤੀ ਦੱਬੀ ਜਵਾਹਰਾਤ ਦੱਸੀ ਹੈ,

.... .... ....

.... .... ....

ਇੱਥੇ ਆਣ ਕਲਮ ਟੁੱਟਦੀ
ਲੂਣ ਦੀ ਪੁਤਲੀ ਜਾਣੇ ਭਾਵੇਂ ਗੰਮਕੇ ਸਾਰੀ,
ਪਰ ਆਖੇ ਕੀ ਸਾਗਰ ਦੀ ਥਾਹ ਕਿੰਨੀ ਹੈ,
ਮੁੜੇ ਕੌਣ ਦੱਸਣ ਲੂਣ ਸਾਰਾ ਘੁਲਦਾ,

.... .... ....

.... .... ....

ਹੰਕਾਰ ਕੀ ਦੱਸੇ ਸੁਰਤ ਕੀ ?
ਸੁਰਤਿ ਕੀ ਦੱਸੇ, ਹੁਕਮ ਕੀ ?
ਸਿਪਾਹੀ ਜਰਨੈਲ ਹੋਣ ਥੀਂ ਪਹਿਲਾਂ ਹੀ ਹੁਕਮ ਕਰੇਦੀ
ਤੇ ਮੰਨੇ ਕੌਣ ? ਸਿਆਣਾ ਫਿਰ ਕਰੇ ਕਿਉਂ ?

.... .... ....

.... .... ....

ਸੱਚ ਹੈ, ਪੱਕ, ਪੱਕ,



Digitized by Panjab Digital Library | www.panjabdigilib.org

ਸਿੱਖ-ਸੁਰਤਿ ਗੁਰੂ-ਸੁਰਤਿ ਹੋਂਵਦੀ,
ਵਾਹ ਵਾਹ ਗੁਰੂ ਗੋਬਿੰਦ ਸਿੰਘ, ਆਪੇ ਗੁਰੂ ਚੇਲਾ ਹੈ।
ਪੁਤ ਇਕ ਦਿਨ ਜ਼ਰੂਰ ਪਿਉ ਬਣਨਾ,
ਪਰ ਚੇਲਾ-ਸੁਰਤਿ ਕੱਚੀ, ਹੌਲੇ ਹੌਲੇ ਪੱਕਦੀ,
ਸਾਹਿਬ ਆਖਦੇ-ਤੇਲ ਸਰਿਉਂ ਵਿਚ ਹੈ, ਪਰ ਕੱਚੀ
ਪੀੜਨ ਵਿਚ ਤੇਲ ਨਹੀਂ,
ਸੋ ਗੁਰੂ-ਸੁਰਤਿ ਜਾਣਦੀ,
ਗੁਰੂ-ਸੁਰਤਿ ਕੀ ਹੈ,
ਕਿਰਤਮ ਕੀ ਜਾਣੇ ਭੇਤ ਕਰਤਾਰ ਦਾ ?

.... .... ....

.... .... ....

ਕਵੀ ਸਾਰੇ ਜਹਾਨ ਦੇ,
ਉਸੀ ਸੁਰਤਿ ਦੀਆਂ ਲਿਸ਼ਕਾਂ, ਝਲਕੇ, ਝਾਵਲੇ ਪਾ,
ਓਨੂੰ ਗਾਉਂਦੇ,
ਗੀਤ ਸਭ ਸਿਫਤ ਹੈ, ਸ਼ਬਦ-ਰੂਪ ਦਾ,
ਬਾਣੀ ਦੀ ਸੁਹਣੱਪ ਦੀ ਝਲਕ ਪਾ ਮਸਤ ਹੋਣ, ਖੁਸ਼ੀ
ਚੀਖਾਂ ਦੇਂਵਦੇ !!
ਕਿਰਤਮ-ਗਲੇ ਦੀ ਆਵਾਜ ਸਾਰੀ ਅਨੰਦ-ਚੀਖ ਹੈ
ਪਾਕੇ ਦਰਸ਼ਨ ਓਸ ਸੈਭੰਗ ਪਿਆਰ ਦਾ,
'ਗੱਟੇ' ਜਰਮਨੀ ਦਾ ਗਾਂਉਦਾ, ਮਿੱਠਾ, ਓਹ ਕਵੀ ਗੁਰੂ
ਸੁਰਤਿ ਦਾ,
ਫਰਾਂਸ ਦਾ 'ਬੋਰੋ' ਪੀਂਦਾ ਰਸ ਗੀਤਾ, ਉਪਨਿਖਦ ਕਾਵਜਦਾ,
'ਐਮਰਸਨ' ਤੇ 'ਵ੍ਹਿਟਮੈਨ' ਇਸੀ ਕਾਵਜ ਰਸ ਦੇ ਮੋਹੇ ਪਏ,



Digitized by Panjab Digital Library | www.panjabdigilib.org

ਇਨ੍ਹਾਂ ਕਵੀਆਂ ਵਿੱਚ ਹਨ ਸਿੱਖ-ਸੁਰਤਾਂ ਦੀਆਂ ਦਮਕਾਂ,
ਦੂਰ ਕਦੀ ਕਦੀ ਵੇਖਦੀਆਂ ਗੁਰੂ-ਸੁਰਤਿ ਦੇ
ਲਿਸ਼ਕਾਰੇ ਕਰਾਰੇ !

.... .... ....

.... .... ....

'ਨਿਤਸ਼ੇ' ਨੂੰ ਝਲਕਾ ਜਰਾ ਹੋਰ ਡਾਢ੍ਹਾ ਵੱਜਾ ਸੁਰਤਿ
ਕਿਸੀ ਭਾਰੀ ਬਲਕਾਰ ਦਾ,
ਓਹਦਾ ਆਖਰ ਪਾਗਲ ਹੋਣਾ ਦੱਸਦਾ,
ਪਰ ਮੋਹਿਤ ਹੋਯਾ, ਸਿੱਖ-ਸੁਰਤਿ ਵਿਚ,ਗੁਰੂ-ਸੁਰਤਿ
ਥੀਂ ਚੱਲੇ ਕਿਸੀ ਹੜ੍ਹ ਉੱਪਰ,
ਸਮਝਦਾ, ਆਖਦਾ, ਇਹ ਹੜ੍ਹ ਸਾਰੀ ਸੁਰਤਿ ਹੈ,
ਬਲ ਹੈ, ਰੂਹ ਹੈ,
ਧਰਮ, ਕਰਮ ਇਹੋ,
ਫੜ ਕੁਹਾੜਾ ਪੁਰਾਣੇ ਬੁੱਤ ਚੀਰਦਾ,
ਦੂਜਾ ਗੁੱਸੇ ਵਾਲਾ ਪਰਸਰਾਮ ਹੈ,
ਪਰ ਅਵਤਾਰ-ਸੁਰਤਿ ਦੇ ਦਰਸ਼ਨਾਂ ਥੀਂ ਵਾਂਜਿਆ,
ਆਏ ਆਵੇਸ਼ ਨੂੰ ਵੀਟਦਾ,

.... .... ....

.... .... ....

ਪੰਜਾਬ ਦਾ ਮੁਹੰਮਦ 'ਇਕਬਾਲ' ਸਾਡਾ ਯਾਰ,
ਬੈਠਾ ਦੇਖ ਕੋਈ ਹੋਰ ਝਾਵਲਾ,
ਇਹਦੀ ਅੱਖ ਵਿਚ 'ਨਿਤਸ਼ੇ' ਦਾ ਨਿਥਾਰਾ ਵੀ ਖੁੱਭਦਾ,
ਨਾਲੇ ਖੁਭਦੀ ਸਾਧ ਦੀ ਕੋਮਲਤਾ,



Digitized by Panjab Digital Library | www.panjabdigilib.org

ਨਾਲੇ ਕਿਸੀ ਅਣਡਿੱਠੀ ਥਾਂ ਤੇ ਓਹਦਾ ਸਿੱਖ-ਆਵੇਸ਼
ਸਾਰਾ,
ਬੈਠਾ ਚੁੱਪ ਹੋ ! ਆਖ਼ਰ ਸ਼ਾਇਰ ਹੈ ਪੰਜਾਬ ਦਾ,
ਇਉਂ ਇਸਵਾਂਗੋਂ ਕਿਉਂ ਹੋਰ ਕੋਈ ਮੁਸਲਮਾਨ ਸ਼ਾਇਰ
ਕਦੀ ਨ ਕੂਕਿਆ।
ਖੁਬਦਾ ਓਹਦਾ ਦਿਲ ਵਿੱਚ ਪਿਆਰ ਭਰਾ, ਭਰਾ ਦਾ,
ਸੇਵਾ ਦਾ, ਪਿਆਰ ਦਾ, ਭਾਵ ਵਾਰਦਾ ਕੁਰਾਨ ਸ਼ਰੀਫ
ਵਿਚ,
ਮਨੁਖ, ਮਨੁਖ ਦੀ ਬ੍ਰਬਰਤਾ ਵੇਖਦਾ,
ਨਾਲੇ ਵੇਖਦਾ ਸਾਦੇ ਸਿੱਧੇ ਹੂਸ਼ ਲੋਕ ਅਰਬ ਦੇ,
ਬਣੇ ਸਨ ਕਿਹੇ ਸਿੱਖ ਸੋਹਣੇ ਰਸੂਲ ਦੇ,
ਤਾਕਤ ਵੇਖਦਾ ਇਕ ਇਨਸਾਨ ਦੀ,
ਤੇ ਵੇਖਦਾ ਅਰਬ ਨੇ ਦੁਨੀਆਂ ਸਾਰੀ ਫਤਹ ਕੀਤੀ,
ਰਸੂਲ ਦਾ ਪਿਆਰ ਜਿਹਾ ਖਾਇਕੇ,
ਇਹ ਫੌਜ ਵੇਖਦਾ,
ਇਹ ਜਰਨੈਲ ਵੀ,
ਪਰ ਧਾਗੇ ਖਿਆਲਾਂ ਦੇ ਗੁੰਝਲ ਖਾਉਂਦੇ,
ਕੁਛ ਉਨੂੰ ਨਿਰਾ ਫਲਸਫਾ ਸੱਟ ਮਾਰਦਾ,
ਕੁਛ ਮਨੁੱਖ-ਇਤਹਾਸ ਦੀ ਗਵਾਹੀ ਕੂੜੀ ਸੱਚੀ ਲੱਗਦੀ,
ਇਤਹਾਸ ਕੂੜ ਸਦਾ ਸਾਰਾ, ਸਬ ਗੱਲ ਬਾਹਰ, ਬਾਹਰਦੀ,
ਗੁਰ ਸਿੱਖੀ ਵਿੱਚ ਜੇਹੜੀ ਅੰਦਰ ਦੀ ਗੱਲ ਓਹ ਸਾਫ
ਨਾਂਹ ਉਹਦੇ ਸਾਹਮਣੇ,



Digitized by Panjab Digital Library | www.panjabdigilib.org

ਹੁਕਮ ਖੇਡ ਦੇ ਰੰਗ ਓਹਦੀ ਅੱਖ ਦੇ ਓਹਲੇ,
ਸਿਪਾਹੀ ਤੇ ਜਰਨੈਲ ਨੂੰ ਬੂਬਰ ਜਿਹਾ ਵੇਖਦਾ,
ਈਗੋ, ਅਹੰਮ, ਨੂੰ ਸੁਰਤਿ ਪਛਾਣਦਾ,
ਚੱਕਰ ਖਾਂਦਾ, ਕਦੀ ਹੰਕਾਰ ਨੂੰ ਸਿੱਧਾ ਕਰ ਓਹਨੂੰ
ਸੁਰਤਿ ਆਖਦਾ,
ਕਦੀ ਸੁਰਤਿ ਨੂੰ ਆਖੇ ਨਸ਼ੀਲੀ ਉਹ ਕਿਉਂ ਹੈ,
ਜਾਗਦੀ, ਗਰਜਦੀ ਸ਼ੇਰ ਵਾਂਗੂੰ ਕਿਉਂ ਨਹੀਂ ?
ਨਾਲੇ ਆਖੇ ਮੁਸਲਮਾਨੀ ਕੇਵਲ ਪਿਆਰ ਹੈ,
ਨਾਲੇ ਆਖੇ ਸੁਰਤਿ ਖਵਾਹਿਸ਼ਾਂ ਦੀ ਰੋਟੀ ਖਾ ਪਲਦੀ,
ਵਧਾਓ ਖਵਾਹਿਸ਼ਾਂ,ਵਧੋ ਅੱਗੇ,ਮੈਂ ਮੈਂ ਆਖਦੇ !!
ਹੰਕਾਰ ਸੁਰਤਿ ਦੇ ਭੇਤ ਦਾ ਪਤਾ ਨਾਂਹ,
ਗੱਲ ਖੁਹਲ, ਖੁਹਲ ਠੱਪਦਾ, ਮੁਕਦੀ ਨਾਂਹ, ਵੜਦੀ
ਮੁੜ ਓਥੇ, ਜਿੱਥੋਂ ਓਹ ਕੱਢਣ ਦੀ ਕਰਦਾ,

.... .... ....

.... .... ....

ਠੀਕ ਇਹ ਵੀ ਕੁਛ ਕੁਛ ਹੈ,
ਗੱਲਾਂ ਇਹ ਸਭ ਕੁਛ ਕੁਛ ਹਨ ਵੀ ਮਿਲਵੀਆਂ,
ਮਿਲਵੀਆਂ,
ਅਕਲ ਇਨ੍ਹਾਂ ਨੂੰ ਪੂਰਾ ਖੁਹਲ ਨ ਸੱਕਦੀ, ਸਿਦਕ
ਖੁਹਲਦਾ, ਸੁਰਤਿ ਆਪੇ ਪਛਾਣਦੀ, ਕਹਣ ਦੀ
ਲੋੜ ਨਾਂਹ,
ਕਹਣ ਕੁਹਾਣ ਦੀ ਥਾਂ ਨਾਂਹ,
ਵੇਲੇ, ਵੇਲੇ ਦੀ ਖੇਡ ਕੋਈ,



Digitized by Panjab Digital Library | www.panjabdigilib.org

ਹਾਂ ਵੀ, ਨਾਂਹ ਵੀ, ਰੱਲ ਵਿਚੂੰ ਅਸਲਾਂ ਹੋਰ ਹੈ।
ਹੋਰ ਵੀ !!

.... .... ....

.... .... ....

੪.

ਹੰਕਾਰ ਤੇ ਸੁਰਤਿ ਦੀ ਜਨਮ ਕਥਾ

ਪਰ ਸੁਰਤਿ ਚੀਜ਼ ਰੱਬੀ
ਹੰਕਾਰ ਮਾਦੇ ਦੀ ਇਕ ਉਨੌਂਞੀਂ, ਹਾਲਤ ਜਿਹੀ,
ਸਿਵਣਬਰਨ ਜਿੱਨੂੰ, ਡਾਰਵਨ ਜਿੱਨੂੰ ਜੀਵਨ ਮੈਂ ਗਾਉਂਦੇ
ਉਹ ਨਿਰਾ, ਨਿਰੋਲ ਠੀਕ ਹੰਕਾਰ ਹੈ, ਇਹ ਸਬੂਤ
ਜਗ ਠੀਕ ਇਕ ਵਿਸ਼ਾਲ ਮਾਦਾ ਜਗ ਦਾ ਵੱਡਾ
ਡਰਾਉਣਾ ਹੰਕਾਰ ਹੈ,
ਇਹਦੇ ਦੰਦ ਤੇ ਪੰਜੇ ਸ਼ੇਰ ਦੇ, ਮੁੜ ਮੁੜ ਖਾਣ ਮ੍ਰਿਗਾਂ
ਪੰਛੀਆਂ, ਜ਼ੋਰ ਵਾਲਾ ਦਿੱਸਦਾ,
ਇਹ ਸਬਲ ਬ੍ਰਹਮ ਇਨ੍ਹਾਂ ਨੂੰ ਮਾਰਦਾ,
ਸਬਲ ਬ੍ਰਹਮ ਬੱਸ ਮਾਦੀ, ਵੱਡੀ, ਮੋਟੀ, ਡਾਢੀ, ਭਾਰੀ,
ਇਕ ਮੈਂ ਹੈ,
ਲੋਕੀ ਇੱਨੂੰ ਕੂਕ, ਕੂਕ, ਸਮਝਣ ਇਹ ਭਜਨ ਹੈ,
ਬ੍ਰਹਮਸੱਤਾ ਇਹ ਨਹੀਂ,
ਹੰਕਰ ਜੀ ਠੀਕ ਆਖਦੇ।



Digitized by Panjab Digital Library | www.panjabdigilib.org

ਸਬਲ ਬ੍ਰਹਮ ਇਕ ਮਾਯਾ ਹੈ, ਭੁਲੇਖਾ ਹੈ ਮ੍ਰਿਗ ਤ੍ਰਿਸ਼ਨਾਂ
ਵਾਂਗ ਅੱਖ ਦੀ ਗਲ਼ਤ-ਦੀਦ ਜਿਹੀ, ਤ੍ਰੈਕਾਲ
ਨਾਂ ਹੀ ਹੋਈ ਹੈ, ਨਾਂ ਕਦੀ ਹੋਵਸੀ,
ਡਾਰਵਨ ਤੇ ਸਿਨਬਰਨ ਤੇ ਹਿੰਦੂ ਵੀ ਢੱਠੇ, ਭੱਜੇ,
ਗੰਜਲਾਂ ਮਨ ਦੀਆਂ ਵਿੱਚ ਫਸੇ ਸਦੀਆਂ ਦੇ
ਫੇਰਾਂ ਵਿੱਚ ਗੁੰਮੇ ਗੁੰਮੇ ਸਾਰੇ ਇੰਨ੍ਹੂ ਬ੍ਰਹਮ ਮੈਂ ਮੈਂ
ਕੂਕਦੇ,
ਭੁੱਲਦੇ ਸਾਰੇ ਗੱਲਾਂ ਮਿਲਵੀਆਂ, ਮਿਲਵੀਆਂ,
ਭਾਵਿਆਂ ਦੇ ਪ੍ਰਛਾਵੇਂ ਸੱਚ ਜਾਦੂ-ਸੱਚ ਦਿੱਸਦੇ !!
ਸਬਲ-ਬ੍ਰਹਮ ਨੂੰ ਛੋਛੋ, ਅ... ...ਾਯਾ ਸ਼ੰਕਰ ਜੋ ਜਿੱਨੂੰ
ਆਖਦੇ, ਹਾਇ ਉਨ੍ਹੂੰ ਰਬ, ਰਬ, ਕੂਕਦੇ !!
ਇਹੋ ਬ੍ਰਹਮ ਹੈ, ਇਹੋ ਨਾਸਤਕਤਾ,
ਇਸ ਸਬਲ ਬ੍ਰਹਮ ਦੀ ਮੈਂ ਦੀ ਅਨੇਕਤਾ, ਨਾਨਤਾ ਦੀ
ਪੂਜਾ ਨੇ ਸਾਰਾ ਹਿੰਦੁਸਤਾਨ ਰੁੜ੍ਹਿਆ,
ਰੋੜ੍ਹਿਆ ਯੂਰਪ ਭਾਰਾ ਬਹੁੰਸਾਰਾ ਰੁੜ੍ਹ ਗਿਆ,
ਕੌਣ ਆਖੇ ਹਿੰਦੁਸਤਾਨ ਬ੍ਰਹਮ ਵਿੱਦਜਾਵੀਪੋਥੀ ਖੋਲ੍ਹਦਾ?
ਇਹ ਤਾਂ ਮਾਯਾਦੇ ਰੰਗਾਂ ਵਿਚਯੂਰਪਵਾਂਗਬ੍ਰਹਮ ਟੋਲਦਾ,
ਗੱਲਾਂ ਹੋਰ, ਹੋਰਜ਼ਰੂਰ ਕਰਦਾ, ਰਹਣੀ ਸਾਰੀ ਯੂਰਪਵਾਲੀ
ਕੁਛ ਢੱਠੇ ਗਿਰੇ ਹੰਕਾਰ ਛਿਪੇ ਲੁਕੇ ਨਾਲ
ਵਾਂਗ ਕਾਫ਼ਰਾਂ, ਸਿੱਧਾ ਆਪਣੀ ਰਹਣੀ ਨਹੀਂ
ਦੱਸਦਾ !!
ਇਹ ਮਾਦੇ ਦਾ ਬੁੜ ਬ੍ਰਹਮ,
ਅਸਾਂ ਦੂਰ, ਦੂਰ ਰੱਖਣਾ,



Digitized by Panjab Digital Library | www.panjabdigilib.org

ਇਹ ਨਾਮ ਬ੍ਰਹਮ ਦਾ ਲੈਣਾ ਤੇ ਪੈਸਾ ਪੂਜਣਾਂ, ਅਸਾਂ
ਦੂਰ ਦੂਰ ਰੱਖਣਾ,
ਇਹ ਨਾਮ ਲੈਣਾ ਭਰਾਵਾਂ ਦਾ ਤੇ ਮੰਦਾ ਯਾਰਾਂ ਦਾ
ਲੱਗਣਾ ਇਸ ਮਨ ਮੁਖਤਾ ਨੂੰ ਦੂਰਦੂਰ ਰੱਖਣਾ,
ਹੋਣਾ ਕੁਛ ਹੋਰ ਅਸਲੀ, ਤੇ ਬਿਰੂਪ ਜਿਹਾ ਭਰਕੇ ਹੋਰ
ਹੋ ਹੋ ਦੱਸਣਾਂ, ਇਹ ਵਠਾਣ ਅਸਾਂਦੂਰਦੂਰ ਰੱਖਣਾ
ਬ੍ਰਹਮ ਵਿੱਦਜਾ ਇਹ ਵਸਤ ਨਹੀਂ ਪਛਾਣਦੀ, ਸਬ
ਵਿਚ ਹੈ ਨਹੀਂ, ਹੋਈ ਨਾਂਹ, ਹੋਸੀ ਨਾਂਹ,
ਹੰਕਾਰ ਦਾ ਜਨਮ ਇਸ ਅੰਧਕਾਰ ਵਿਚ, ਵਡਾ ਨਿੱਕਾ
ਮਾਦਾ ਮਾਯਾ ਜਿਨੂੰ ਸ਼ੰਕਰ ਆਖਦੇ ॥
ਅਸਾਂ ਦੂਰ ਦੂਰ ਰਖਣਾ,
ਹੰਕਾਰ ਕਾਲਾ ਸਿਆਹ ਹੈ।

.... .... ....

.... .... ....

ਸੁਰਤਿ ਦਾ ਜਨਮ ਸਿਦਕ ਵਿਚ,
ਜਿਥੇ ਰੱਬ ਹੀ ਰੱਬ ਕੁਲ ਚਾਨਣਾ,
ਮਾਦਾ ਓਥੇ ਸਦਾ ਦੀ 'ਨਹੀਂ' ਹੈ॥
ਮਾਦਾ ਅਸਾਂ ਨਹੀਂ ਤੱਕਣਾ, ਦੂਰ, ਦੂਰ, ਪਿੱਛੇ, ਪਿੱਛੇ
ਰੱਖਣਾ, ਰੰਭ ਸਾਡੀ ਹੁੰਕੇ ਓਹ ਅਸਾਂ ਨਹੀ
ਤੱਕਣਾ, ਦੂਰ ਦੂਰ ਰੱਖਣਾ ॥

.... .... ....

.... .... ....

ਪਰ ਯਾਦ ਰੱਖਣਾ,



Digitized by Panjab Digital Library | www.panjabdigilib.org

ਸੂਖਮ ਜਿਹਾ ਭੇਤ ਇੱਥੇ ਵੀ,
ਮਾਦੇ ਦੇ ਅੰਧਕਾਰ ਵਿਚ,
ਮਨ ਵਿਚੂੰ ਵੀ ਇਕ ਬਿਰੂਪ ਜਿਹਾ ਸਿਦਕ ਜੰਮਦਾ, ਜੀਹਨੂੰ
ਸਿਦਕ ਸਿਦਕ ਕਰ ਪੁਕਾਰਦੇ,
ਮਨ ਦੀ ਹਨੇਰੀ ਕੋਠੜੀ ਵਿਚ ਜੰਮਿਆਂ ਸਿਦਕ ਨਾਂਹ,
ਇਹ ਭੁੱਲ ਹੰਕਾਰ ਦੀ।
ਇਸ ਸਿਦਕ ਦੇ ਬਿਰੂਪ ਨੂੰ,
ਦੂਰ ਦੂਰ ਰੱਖਣਾ,
ਪਛਾਨਣਾਂ ਬਿਰੂਪ ਹੈ ਤੇ ਇਹਦਾ ਗਲੀਆਂ ਦਾ ਮੰਗਣਾ,

.... .... ....

.... .... ....

ਸਿਦਕ ਆਉਂਦਾ ਜਦ ਕਲੇਜੇ ਤੀਰ ਵੱਜਦੇ,
ਪਲ ਛਿਨ, ਘੜੀ ਘੜੀ, ਕਦਮ, ਕਦਮ,
ਦੰਮ ਬੁਦੰਮ-ਚੁਭਦਾ, ਖੋਭਦਾ ਆਪਣੀ ਤ੍ਰਿਖੀ, ਤ੍ਰਖੀ
ਅਣੀ, ਆਖਦਾ ਦਸ, ਪੀੜ ਠੀਕ ਹੈ?
ਤਾਂ ਸਿਦਕ ਆਉਂਦਾ!!

.... .... ....

.... .... ....

ਮਨ ਮੇਰਾ ਹਨੇਰਾ ਗੁਪ ਮੁੜ ਮੁੜ ਕਰਦਾ,
ਹੰਕਾਰ ਦੇਵ ਵਾਂਗੂ ਵਿਚ ਆਣਵੜਦਾ,
ਮਾਰਦਾ ਵਡੇ ਵਡੇ ਗੁਰਜ ਹਨੇਰੇ ਦੇ,
ਮੇਰੀਆਂ ਨਵੀਆਂ ਆਈਆਂ ਨਿੱਕੀਆਂ, ਨਿੱਕੀਆਂ ਨੂਰ
ਦੀਆਂ ਰਸ਼ਮੀਆਂ ਨੂੰ,



Digitized by Panjab Digital Library | www.panjabdigilib.org

ਆਖਦਾ ਮੇਰਾ ਘਰ, ਨਿਕਲੋ, ਤੁਸੀਂ ਕਿਥੂੰ ਆਈਓ ?
ਪਰ ਹੋਰ ਹੋਰ ਤੀਰ ਵਾਂਗੂੰ ਹੰਕਾਰ ਨੂੰ ਪ੍ਰੋਂਦੀਆਂ, ਲਿਪ-
ਟਦੀਆਂ ਗੁੰਜਲਾਂ ਖਾ, ਖਾ, ਸੋਨਾ ਹਨੇਰੇ ਦੇ ਦਿਲ
ਤੇ ਡੋਹਲਦੀਆਂ,
ਇਹ ਕਿਰਨਾਂ ਵੀ ਤੀਰ ਹਨ ਕਿਸੀ ਡਾਢੇ ਦੀ ਕਮਾਨ ਦੇ,
ਦੇਖ ਦੇਖ ਅਮਨ-ਜੰਗ ਸਿੱਖ ਰੀਝਦਾ,
ਤਾਂ ਸਿਦਕ ਆਉਂਦਾ !!

.... ... ....

.... .... ....

ਲੱਖਾਂ ਵੈਰੀ ਟੁਰ ਮਾਰਨ ਆਉਂਦੇ,
ਸਿੱਖ ਅਕੱਲਾ, ਡਰਦਾ, ਸੈਹਮਦਾ,
ਓਹ ਸਾਹਮਣੇ ਨੀਲੇ ਘੋੜੇ ਤੇ ਚੜ੍ਹ ਗੁਰੂ ਆਉਂਦਾ,
ਲੱਖਾਂ ਫੌਜਾਂ ਨਾਲ ਨਾਲ ਆਉਂਦੀਆਂ, ਅਸਮਾਨ ਸਾਰੇ
ਭਰਦੇ !
ਲੱਖਾਂ ਦਾ ਮੁਕਾਬਲਾ ਇੱਕ ਸਿੱਖ ਕਰਦਾ, ਜਿੱਤਦਾ,
ਤਾਂ ਸਿਦਕ ਆਉਂਦਾ,

.... .... ....

.... .... ....

ਮੌਤ ਆਉਂਦੀ, ਡਰਾਉਂਦੀ,
ਹਾਲੇਂ ਕੱਚਾ, ਦਿੱਲ ਨਹੀਂ ਕਰਦਾ ਗੁਰੂ-ਦੇਸ ਜਾਣ ਨੂੰ,
ਅੱਗੇ ਦੀ ਸੋਹਣੀ ਗੁਰੂ-ਚਰਨ ਸ਼ਰਨ ਜੀਣ- ਨੂੰ ਹਾਲੇਂ
ਮੌਤ ਆਖਦਾ,
ਇਹ ਧਾਇਹ ਜਿੱਨੂੰ ਪਜਾਰ ਕਰਦਾ, ਜਦ ਦਿੱਸਦਾ ਜਾਉਂਦਾ,



Digitized by Panjab Digital Library | www.panjabdigilib.org

ਮੁੜ ਇਹਦਾ ਨਵਾਂ–ਆਯਾ ਸਿਦਕ ਕੰਬਦਾ,
ਕੰਹਦਾ, ਗੁਰੂ ਹੁੰਦਾ ਰਖਦਾ,
ਵੇਖ ਸ਼ਕਇਹ ਹਨੇਰ ਮੁੜ ਪੈਂਦਾ,
ਗੁਰੂ ਦਰਸ਼ਨ ਮੁੜ ਦੇਂਵਦਾ, ਬਚਾਉਂਦਾ ਇੱਨੂੰ ਯਾ ਜਿੱਨੂੰ
ਇਹ ਪਿਆਰ ਕਰਦਾ,
ਇਹਦੇ ਅੱਖਾਂ ਦੇ ਸਾਹਮਣੇ ਮੌਤ ਡਰਦੀ, ਨੱਸਦੀ,
ਉਡਦੀ,
ਜਿਵੇਂ ਕਾਲਾ ਹਿਰਨ ਭੱਜਦਾ,
ਤਾਂ ਸਿਦਕ ਆਉਂਦਾ।

.... .... ....

.... .... ....

ਸੁੱਤਾ, ਸੁੱਤਾ ਲੱਗਦਾ,
ਲੋਕੀ ਬੜੇ ਚਤੁਰ, ਪੰਡਤ, ਪੜ੍ਹੇ ਦਿੱਸਦੇ,
ਇਹ ਨਿੱਕਾ ਨਿੱਕਾ ਲੱਗਦਾ,
ਲੋਕੀ ਬੜੇ ਵੱਡੇ, ਵੱਡੇ ਲੱਗਦੇ,
ਲੋਕੀ ਬੈਠਣ ਕੁਰਸੀਆਂ, ਆਸਨਾਂ, ਸਿੰਘਾਸਨਾਂ,
ਇਹ ਘਾਹ ਖੁਣੋਤ੍ਰਦਾ,
ਇਹ ਦਿੱਸੇ ਨਿਮਾਣਾ ਜਿਹਾ ਆਪਾਂ ਨੂੰ, ਹੋਰਾਂ ਨੂੰ,
ਗੁਰੂ ਕੰਡੀ ਹੱਥ ਜਦ ਰਖਦਾ,
ਪੰਡਤ- ਜਗਤ ਸਾਰਾ ਪੰਡਤਾਈ ਭੁੱਲਦਾ,
ਵੱਡਾ–ਜਗਤ ਸਾਰਾ ਨਿੱਕਾ, ਨਿੱਕਾ ਹੋਂਵਦਾ,
ਇਹਦੇ ਸੁਣ ਵਚਨ, ਸਾਦੇ ਸਾਦੇ ਗੀਤ ਸਾਰੇ,
ਹੈਰਾਨ ਹੋ ਵੇਖਦਾ, ਅਨਪੜ੍ਹਿਆ ਕਿਆ ਬੋਲਦਾ ?



Digitized by Panjab Digital Library | www.panjabdigilib.org

ਤਾਂ ਸਿਦਕ ਆਉਂਦਾ !

.... .... ....

.... .... ....

ਸਾਰੀਆਂ ਔੜਕਾਂ ਗੁਰੂ ਝਾਗਦਾ,
ਕੰਮ ਸਾਰੇ ਇਹਦੇ ਗੁਰੂ ਸਾਰਦਾ,
ਸੇਵਾ ਜਿੰਮੇਵਾਰੀ ਸਾਰੀ ਇਹਦੀ ਗੁਰੂ ਚੱਕਦਾ,
ਗੁਰੂ ਦੇਂਦਾ ਦੀਦਾਰੇ ਮੁੜ, ਮੁੜ,
ਅੱਗ, ਜਲ, ਮੁਸ਼ਕਲ ਪਈ ਭਾਰੀ ਥੀਂ ਬਚਾਵੰਦਾ,
ਦਿਨ ਰਾਤ ਸਿਖ ਦਾ ਕਰਮਾਤਾਂ ਨਾਲ ਜੜਦਾ,
ਦਿਨ ਰਾਤ ਲਿਸ਼ਕਦਾ,
ਫਿਰ ਵੀ ਕੰਮ ਪੂਰਾ ਹੋਇਕੇ ਹਨੇਰਾ ਮਨ ਵਿਚ ਵੜਦਾ,
ਕਾਰਨ ਕਾਮਯਾਬੀ ਦੇ ਲਖਾਂ ਹੋਰ ਹੋਰ ਦੱਸਦਾ, ਕਰਮਾਤ
ਨੂੰ ਅਣਗੌਲੀ ਜਿਹੀ, ਸਾਧਾਰਣ ਜਿਹੀ ਗਲ
ਵਿਚ ਪਲਟਦਾ; ਹੋਯਾ ਕੀ—ਇੰਵ ਹੀ ਸੀ ਹੋਵਣਾ?
ਘੜੀ, ਘੜੀ ਭੁੱਲਦਾ, ਹਨੇਰਾ ਚੱਕਰ ਮਾਰਦਾ,
ਮੁੜ, ਮੁੜ ਗੁਰੂ ਥੀਂ ਮੁਨੱਕਰ ਨਿੱਕੀ ਨਿੱਕੀ ਗੱਲ ਤੇ
ਮੇਰਾ ਯਾਰ ਹੋਵੰਦਾ,
ਗੁਰੂ ਦਾ ਮੇਹਰ ਅਣਭਜਵੀ,
ਗੁਰੂ ਦੀ ਬਿਰਦ ਪੂਰਾ, ਅਨੰਤਸਾਰਾ,
ਵਡੀ ਵਡੀ ਕਰਮਾਤ ਕੀਤੀ ਪਿਆਰ ਦੀ,
ਨਿੱਕੀ ਨਿੱਕੀ ਵੀ ਕਰਦਾ, ਜਿਵੇਂ ਬੱਚੇ ਨਾਲ ਪਿਓ
ਖੇਡਦਾ, ਰਿਧੀ ਸਿੱਧੀ ਦੱਸਦਾ,
ਤੇ ਘੜੀ, ਘੜੀ, ਪਲ ਛਿਨ,



Digitized by Panjab Digital Library | www.panjabdigilib.org

ਸਿਖ ਦੇ ਸਿਦਕ ਨੂੰ ਆਪਣੇ ਆਤਮ–ਮਾਸ ਨਾਲ ਪਾਲਦਾ,
ਤਾਂ ਸਿਦਕ ਆਉਂਦਾ !!

.... .... ....

.... .... ....

ਸੁਹਣੀ ਚੀਜ਼ਾਂ ਦੇਖ ਸਿਖ ਭੁੱਲਦਾ,
ਕਰਮਾਤ ਸਾਰੀ, ਗੁਰੂ ਦੀ ਦਮਬਦਮ ਮਿਹਰ ਸਾਰੀ
ਮਿਹਰਾਂਵਾਲੀ ਸੇਵਾ ਸਾਰੀ, ਇਕ ਪਲਕ ਵਿਚ
ਭੁੱਲਦਾ !
ਨੱਸਦਾ ਮੁੜ ਮਾਦੇ ਭੁਲੇਖੇ ਵੱਲ,
ਮੁੜ, ਮੁੜ ਭੁੱਲਦਾ, ਲੋਚਦਾ ਸੁੰਦਰ ਅੰਗਨੀਆਂ, ਸੁਫਨੇ
ਲੈਂਦਾ ਉਨ੍ਹਾਂ ਦੇ ਚੰਨ੍ਹ ਮੂੰਹਾਂ ਦੇ,
ਗੁਰੂ ਲਖ ਤਰਕੀਬ ਕਰਦਾ,
ਅਗੂੰ ਪਿਛੂੰ, ਛੁਪ, ਛੁਪ, ਮਾਯਾ ਦੀ ਖਿਚਾਂ ਦੇ ਧਾਗੇ
ਕੱਟਦਾ, ਭੁਲੇਖਾ ਤੋੜਦਾ, ਭੁੱਲਾਂ ਮੋੜਦਾ, ਮਾਰ
ਮਾਰ ਤੀਰ ਪ੍ਰਕਾਸ਼ਦੇ! ਮਾਇਆ–ਸੁਹਣੱਪ ਤੋੜਦਾ,
ਰੂਹ ਸਿਖ ਦਾ ਫਿਰ ਮੁਹਾਰਾਂ ਮੋੜਦਾ, ਖਾ, ਖਾ ਮਾਯੂਸੀਆਂ,
ਗੁਰੂ ਲਖ ਵੇਰੀ ਇਉਂ ਚਿੱਕੜ ਫਸੇ ਨੂੰ ਕੱਢਦਾ, ਧੋਂਦਾ
ਭਰੇ ਅੰਗ ਸਾਰੇ, ਮਾਂ ਵਾਂਗ,
ਉੱਚਾ ਕਰਦਾ ਛਿਪਕੇ ਉਸ ਵਿਚ ਤੇ ਸਿਖ ਸਿਤ ਚੱੜਦਾ
ਵਾਂਗ ਉੱਚੀ ਬਰਫ ਦੀਆਂ ਚੋਟੀਆਂ,
ਤੇ ਗੁਰੂ ਕਿਰਨ–ਫੁਹਾਰ ਸੁੱਟਦਾ, ਸੋਨਾਂ ਸਾਰਾ ਪਾਣੀ
ਪਾਣੀ ਕਰਕੇ ਇਸ ਨਵੇਂ–ਰੈਫੂਣੇ ਵਾਲੇ ਦੇ ਸਿਰ
ਛੱਤਰ ਰਖਦਾ,



Digitized by Panjab Digital Library | www.panjabdigilib.org

ਮੁਟਕ ਥੰਨ੍ਹਦਾ, ਆਖਦਾ—ਤੂੰ ਕਿਹਾ ਸੋਹਣਾ ਅਜ
ਓ ਬਰਫ ਲੱਧਜਾ ! ਪਰਬਤਾਂ ਤੇ ਸੂਰਜ ਦੀ ਕਿਰਨ
ਤੇਰੀ ਬਰਫ ਵਿਚ ਖੇਡਦੀ, ਤੂੰ ਕਿਹਾ ਉੱਚਾ !!
ਤਾਂ ਸਿਦਕ ਆਉਂਦਾ !!

.... .... ....

.... .... ....

ਫਿਰ ਸਿਦਕ ਕਣੀ, ਕਣੀ ਬੱਝਦਾ, ਕਣੀ, ਕਣੀ ਵੱਧਦਾ,
ਕੋਈ ਵੇਰੀ ਨਵਾਂ ਅੰਗੂਰਿਆ ਸੜਦਾ, ਮੁੜ ਬੀਜ ਦਾ
ਗੁਰੂ ਮਿਹਰ ਕਰ, ਮੁੜ ਅੰਗੂਰਦਾ, ਸਦੀਆਂ ਦੀ
ਖੇਡ ਲੱਗੀ, ਗੁਰੂ ਕਿਰਤ ਉਨਰ ਹੈ !!
ਸਦੀਆਂ ਲੰਘਦੀਆਂ, ਦੌਰ ਲੰਘਦੇ, ਇਕ ਪੂਰੀ ਸਿੱਖ-
ਸੁਰਤਿ ਬਨਾਣ ਨੂੰ, ਹਾਂ ਇਹ ਰੌਣਕ, ਰੌਣਕ
ਵਧਦੀ, ਬਣਦੀ,
ਤਾਂ ਇਹ ਬਣੀ ਸੂਰਤ ਸਿੱਖ ਦੀ,
ਲਿਸ਼ਕ ਮਾਰਦੀ,
ਜਿਸ ਬਿਜਲੀ ਦੇ ਮੂੰਹ ਨੂੰ ਚੁੰਮਣ ਦੌੜਦੇ ਇਹ 'ਨਿਤਸ਼ੇ'
ਤੇ 'ਇਕਬਾਲ' ਤੇ ਇਹੋ ਜਿਹੇ ਸਾਰੇ !!

.... .... ....

ਇਹ ਸਨਅਤ ਕੀ ਸੌਖੀ !
ਗੁਰੂ ਸੁਰਤਿ ਦੀ ਕਿਰਤ ਦਿਨ ਰਾਤ ਜਾਗ ਕੇ ?
ਮੁਸਲਮਾਣ, ਹਿੰਦੂ, ਸਿੱਖ ਸਚਾ,
ਈਸਾਈ, ਬੋਧੀ ਇਕੋ,
ਬੰਦਾ ਹੋਵੇ ਰਬ ਦਾ, ਗੁਰੂ ਮਿਹਰ ਕਰਦਾ,



Digitized by Panjab Digital Library | www.panjabdigilib.org

ਪਰ ਪੁਛੇ ਕੋਈ, ਇਨ੍ਹਾਂ ਸਿਆਣਿਆਂ,
ਕਦੀ ਹੀਰੇ ਲੱਭਣ ਗਲੀ ਗਲੀ,
ਭਾਵੇਂ ਲੱਖ ਵੇਰੀ ਆਖੋ-ਆਓ ਹੀਰਿਓ ਨਿਤ੍ਰੋ!
ਕਦੀ ਸੁਰਤਿ ਬੋਲਦੀ ਇਓਂ ਬੁਲਾਵੋ ਤੁਸੀ ਲਖ ਵੇਰੀਆਂ
ਘੜੀ ਘੜੀ,
ਹੰਕਾਰ ਬੋਲਸੀ, ਜ਼ਰੂਰ ਬੋਲਸੀ, ਆਸੀ ਲਖ, ਲਖ
ਪੌਸ਼ਾਕੇ ਪਾਕੇ !!

.... .... ....

.... .... ....

ਪ.

ਗੁਰੂ ਇਸੇ ਛੁਪੇ ਭੇਤ ਦੇ ਘੁੰਡ ਚੱਕਦਾ,
ਪਰ ਚੱਕੇ ਘੁੰਡ ਵੀ, ਤੱਕਣ ਵਾਲੀ ਅੱਖ ਨਹੀਂ!
ਇਹ ਭੇਤ ਨਿਰੀ ਸਿਦਕ-ਪੱਕੀ ਅੱਖ ਵੇਖਦੀ,

.... .... ....

.... .... ....

ਜਦ ਗੁਰੂ-ਸਿਦਕ ਦੀ ਅੱਖ ਖੁਹਲਦਾ,
ਸਿੱਖ ਇਹ ਜਾਣਦਾ,
ਉਨ੍ਹੂੰ ਗੁਰੂ ਚੰਗਾ ਲੱਗਦਾ,
ਜਿੱਨ੍ਹੂੰ ਗੁਰੂ ਆਪ ਪਹਲੇ ਪਿਆਰਦਾ,
ਇਉਂ ਤਾਂ ਅਜ ਗੁਰੂ ਗ੍ਰੰਥ ਘਰ, ਘਰ ਬਰਾਜਦਾ,
ਪਰ ਵਿਰਲਾ ਕੋਈ ਜਾਣਦਾ, ਗੁਰੂ-ਮੂਰਤਿ ਕਿੱਥੇ
ਬੋਲਦੀ,



Digitized by Panjab Digital Library | www.panjabdigilib.org

ਗੁਰੂ ਗ੍ਰੰਥ ਕਿਵ ਘੁੰਡ ਚੱਕਦਾ, ਪੀਰਾਂ ਦੇ, ਫਕੀਰਾਂ ਦੇ,
ਪੈਗੰਬਰਾਂ ਦੇ, ਰਿਸ਼ੀਆਂ ਦੇ, ਅਵਤਾਰਾਂ ਦੇ, ਤੇ
ਕਿਵ ਖੋਹਲਦਾ ਆਤਮ–ਸੁਰਤਿ ਭੇਤ ਨੂੰ,
ਪਰ ਗੁਰੂ ਗ੍ਰੰਥ ਦੇ ਸੋਹਣੇ ਹੱਥ ਪੈਰ ਕਿੰਨ੍ਹੂੰ ਦਿੱਸਦੇ ?
ਓਹ ਰੰਗੀਲਾ ਗੁਰੂ ਮੁੜ ਮੁੜ ਵੱਸਦਾ, ਹਾਏ ! ਕੌਣ
ਤੱਕਦਾ ?
ਸਾਡੇ ਕੰਨ ਵਿਚ ਅੱਜ ਖਬਰੇ ਕਾਗਤ ਖੜਕਦੇ,
ਦੇਸ ਸਾਰੇ ਹਬ ਅੱਖਬਾਰ ਹੈ, ਦੇਸ ਸਾਰਾ ਮਨ ਫਸਿਆ,
ਮੁੜ ਹਨੇਰੇ ਰੋੜ੍ਹਿਆ,
ਬਾਬਾ ਮੇਹਰ ਕਰੇ !!
ਘਰ, ਘਰ, ਗੁਰੂ ਵੱਸਦਾ ਪੰਜਾਬ ਵਿਚ,
ਘਰ, ਘਰ ਬਰਕਤ ਵੱਸਦੀ,
ਪਰ ਨੈਨ ਸਾਡੇ ਮੁੜ ਮਨ–ਬੰਦ ਨੈਣ ਹੋਏ,
ਗੁਰੂ ਦੀ ਮੇਹਰ !! ਨੈਣ ਮੋੜਦੇ !!
ਇੱਥੇ ਅੱਜ ਜ਼ਾਹਰਾ ਜ਼ਹੂਰ ਸਾਡਾ ਗੁਰੂ ਗ੍ਰੰਥ ਹੈ,
ਗੁਰੂ ਇਹ ਆਪ ਜਰਨੈਲ ਹੈ,
ਲੱਖਾਂ ਫੌਜਾਂ ਤਾਬੇ ਇਸ ਗੁਰੂ ਸੂਰਮੇ,
ਵੱਖਰਾ ਸਿਖ ਹੋ ਸਕਦਾ ਨਹੀਂ, ਵਖਰਾ ਅੰਧਕਾਰ
ਹੰਕਾਰ ਹੈ !!
ਸਿਖ ਇਤਹਾਸ ਸਾਰਾ,
ਬਾਣੀ ਦੀ ਟੀਕਾ
ਸੁਰਤਿ ਦੇ ਭੇਤ ਦਾ,
ਸੋਹਣਾ ਦਸ ਅਵਤਾਰ ਹੈ !!



Digitized by Panjab Digital Library | www.panjabdigilib.org

ਛਬੀ ਸਾਰੀ ਮਿਲਵੀਂ, ਮਿਲਵੀਂ,
ਵੱਖ ਵੇਖਣਾ ਪਾਪ ਹੈ,
ਗੁਰੂ ਇਤਹਾਸ ਸਾਰਾ,
ਗੁਰੂ-ਕਿਰਤ ਸਾਰੀ,
ਗੁਰੂ-ਕਰਨੀ ਮਿਲਵੀਂ, ਮਿਲਵੀਂ
ਬਾਣੀ ਦਾ ਅਲਾਪ ਹੈ,

੬.

ਹੁਣ ਅੱਗੇ ਫੋਲਣਾ,
ਮੁੜ ਫਲਸਫਾ ਤੋਲਣਾ,
ਸਿਖ-ਸੁਰਤਿ ਦਾ ਕੰਮ ਨਹੀਂ, ਬੱਸ! ਬੱਸ!!
ਵਾਹ, ਵਾਹ ਗਾਵਣਾਂ !!
ਹਲ ਫੜ ਜੋਤਣਾ,
ਮੁਈਆਂ ਨੂੰ ਚੋਵਣਾਂ,
ਦੁੱਧ ਰਿੜਕਣਾਂ, ਪੀਂਣਾ, ਥੀਂਣਾ ਬਸ! ਬਸ!! ਬਸ!!!
ਸਿਪਾਹੀ ਗੁਰੂ ਦਾ ਹੋਵਣਾਂ, ਹੋਵਣਾਂ,
ਹੱਥ, ਪੈਰ, ਨਾਲ ਕੰਮ,
ਸੁਰਤਿ ਠੰਢੀ ਠਾਰ, ਲਿਪਟੀ ਸਾਈਂ ਦੇ ਚਰਨ,
ਤੇ ਖੁਸ਼ ਹੋ, ਚਾਉ ਵਿੱਚ, ਰਸ ਵਿਚ,
ਹੁਕਮ ਕਾਰ ਕਮਾਵਣੀ,
ਹੁਕਮ ਮੰਨਣਾ, ਇਹ ਅਰਦਾਸ ਸਿੱਖਦੀ,
ਅਟੁੱਟਵੇਂ ਕਿਸੀ ਸੁਆਦ ਦੇ ਹੜ ਉੱਤੇ ਤਰਦੇ, ਕਦੀ
ਕਦੀ ਡੁੱਬਦੇ,
ਆਪਣੇ ਸੂਰਜ ਦੇ ਪ੍ਰਕਾਸ਼ ਵਿੱਚ ਹੁੜ੍ਹਨਾ,



Digitized by Panjab Digital Library | www.panjabdigilib.org

ਸ਼ੁਕਰ ਸ਼ੁਕਰ ਕਰਨਾ, ਗਾਉਂਣਾ ਦਮ ਬਦ ਮੇਂ
ਵਾਹਿਗੁਰੂ, ਬਸ, ਬਸ, ਬਸ,
ਦਿਨ ਰਾਤ ਮੰਗਣਾ—
ਸਿਦਕ ਤੇ ਸਿੱਖੀ,
ਮਨ ਨੀਵਾਂ, ਮਤ ਉੱਚੀ,
ਚੜ੍ਹਦੀ ਕਲਾ, ਨਾਮ ਦਾ ਜਪਣਾ,
ਨਾਲ ਉਚਜਾਈ ਸਾਰੇ ਸਿੱਖ ਇਤਹਾਸ ਦੀ ਤੇਚੜ੍ਹੇ
ਦਿਨ ਚੜ੍ਹਨਾ,
ਪਰਬਤਾਂ ਤੇ ਵੱਸਣਾ, ਨੀਵੀਂ ਨੀਵੀਂ ਗੱਲ ਨਾਂਹ,
ਤੇ ਕਦਮ ਕਦਮ ਤੁਰਨਾਂ, ਸਹਜ ਇਕ ਮਿੱਠੇ, ਨਿੱਕੇ
ਪਿਆਰ ਵਿਚ,
ਟੁਰਨਾਂ ਟੁਰਨਾਂ, ਕਦਮ ਮਿਲਾਕੇ,
ਅੱਗੇ ਲੰਘ ਗਈਆਂ ਫੌਜਾਂ ਨਾਲ ਕਦਮ ਮਿਲਾਕੇ,
ਹੁਣ ਦੀਆਂ ਫੌਜਾਂ ਦੀ ਕਤਾਰ ਵਿਚ ਠੀਕ ਕਦਮ
ਮਿਲਵਾਂ,
ਤੇ ਕਦਮ ਸਿੱਖ ਦਾ ਪਵੇ ਪਿੱਛੇ ਆਂਦੀਆਂ ਫੌਜਾਂ ਦੇ ਕਦਮ
ਨਾਲ ਕਦਮ ਪੂਰਾ, ਪੂਰਾ,
ਹਾਂ ਜੀ ! ਕਦਮਾਂ ਮਿਲਾਕੇ, ਕਦਮਾਂ ਮਿਲਾਕੇ,
ਟੁਰਨਾ, ਟੁਰਨਾ, ਟੁਰਨਾ,
ਸਵਾ ਲੱਖ ਕਦਮ, ਇਕ ਕਦਮ ਦਾ, ਕਦਮਾਂ ਮਿਲਾਕੇ,
ਸਵਾ ਲੱਖ ਸੁਾਸ, ਇਕ ਸੁਾਸ ਭਰਦਾ, ਕਦਮਾਂ ਮਿਲਾਕੇ,
ਸਵਾ ਲੱਖ ਹੱਥ, ਇਕ ਹੱਥ ਦਾ, ਕਦਮਾਂ ਮਿਲਾਕੇ,
ਸਵਾ ਲੱਖ ਸਿਰ, ਇਕ ਸਿਰ ਦਾ, ਕਦਮਾਂ ਮਿਲਾਕੇ,



Digitized by Panjab Digital Library | www.panjabdigilib.org

ਇਕ ਇਕ ਗੁਰੂ ਦਾ ਸਿੱਖ, ਫੌਜਾਂ !!
ਫੌਜਾਂ ਭਾਰੀਆਂ ਸਾਰੀਆਂ,ਕਦਮਾਂਮਿਲਾਕੇ,
ਹਾਂਜੀ! ਕਦਮਾਂ ਮਿਲਾਕੇ,ਕਦਮਾਂ ਮਿਲਾਕੇ,
ਟੁਰਨਾ, ਟੁਰਨਾ, ਟੁਰਨਾ,
ਟੁਰਨਾ, ਟੁਰਨਾ, ਟੁਰਨਾ,

.... .... ....

.... .... ....

ਇਹ ਭੇਤ ਸਿੱਖ–ਆਵੇਸ਼ ਦਾ,
ਸਿੱਖ–ਇਤਹਾਸ ਦਾ,
ਗੁਰੂ ਨਾਨਕ,ਗੁਰੂ ਗੋਬਿੰਦਸਿੰਘ ਦੀ ਅਕਾਲੀ ਬਾਨੀ ਦਾ,
ਇਹ ਦਰਸ਼ਨ ਗੁਰ–ਅਵਤਾਰ ਸੁਰਤਿ ਦਾ !!
ਕੁਛ ਕੁਛ, ਕਿਸੀ ਕਿਸੀ ਛਾਤੀ ਵਿੱਚ ਕਦੀ ਕਦੀ ਭਖਦਾ,
ਸਦੀਆਂ ਛਿੱਪ ਛਿੱਪ ਰੰਹਦਾ, ਮੁੜ ਉੱਘੜਦਾ,
ਪਲ ਛਿਨ ਲਈ ਬੱਸ ਘੁੰਡ ਉੱਠਦਾ,ਫਿਰ ਘੁੰਡ ਕੱਢਦਾ,
ਇਉਂ ਹੀ ਗੁਰੂ–ਅਵਤਾਰ ਦੀ ਸੁਰਤਿ ਤੇ ਸਿਖ–ਸੁਰਤਿ ਖੇਡਦੀ,
ਅਗੇ,ਪਿੱਛੇ,ਅਜ, ਕਲ, ਭਲਕੇ ਦੇ
ਕਦਮਾਂ ਨਾਲ ਕਦਮਾਂ ਮਿਲਾਕੇ,
ਟੁਰਨਾ, ਟੁਰਨਾ,ਟੁਰਨਾ,
ਟੁਰਨਾ,ਟੁਰਨਾ,ਟੁਰਨਾ!!

॥ ਇਤੀ ॥



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਫੌਜਾਂ !!
...ਲਾ ਕੇ,
...ਕੇ,
...ਣਾ,
...ਣਾ,

ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ
ਵਿਚ ਭਾ: ਬਹਾਦਰ ਸਿੰਘ
ਮੈਨੇਜਰ ਤੇ
ਪ੍ਰਿੰਟਰ ਦੇ ਯਤਨ ਨਾਲ ਛਪਿਆ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

-0542

Digitized by Panjab Digital Library | www.panjabdigilib.org

Digitized by Panjab Digital Library | www.panjabdigilib.org